# ਪੰਜਾਬ ਓਪਨ ਸਕੂਲ

# ਅਗਵਾਈ ਪੁਸਤਕ

(ਅਧਿਐਨ ਕੇਂਦਰਾਂ ਲਈ ਅਗਵਾਈ ਲੀਹਾਂ
ਅਤੇ ਹਦਾਇਤਾਂ)

## ਅਕਾਦਮਿਕ ਸਾਲ 2025-26

© ਪੰਜਾਬ ਸਕੂਲ ਸਿੱਖਿਆ ਬੋਰਡ

**ਵੈੱਬ ਸਾਈਟ :** www.pseb.ac.in
**ਟੈਲੀਫੋਨ ਨੰ :** 0172-5227172-73, 5227206, 5227204, 5227197, 5227196
**ਈ-ਮੇਲ : openschool.pseb@punjab.gov.in**
**ddopenschool@yahoo.com**

ਦਾਖਲਾ ਸਾਲ : 2025-2026

## ਪੈਟਰਨ

ਚੇਅਰਮੈਨ

ਪੰਜਾਬ ਸਕੂਲ ਸਿੱਖਿਆ ਬੋਰਡ

## ਮੁੱਖ ਸੰਪਾਦਕ

**ਉਪ ਸਕੱਤਰ (ਪੰਜਾਬੀ ਵਿਕਾਸ ਅਤੇ ਅਕਾਦਮਿਕ)**

## ਉਪ ਸੰਪਾਦਕ

**ਪ੍ਰੀਤੀ ਪੁਰੀ**

ਪ੍ਰਾਜੈਕਟ ਅਫ਼ਸਰ

(ਅਨੁਵਾਦ, ਮੁੜ ਪ੍ਰਕਾਸ਼ਨ, ਵਿਆਖਿਆ ਅਤੇ ਸੋਧ ਆਦਿ ਦੇ ਸਭ ਹੱਕ ਪੰਜਾਬ ਸਕੂਲ ਸਿੱਖਿਆ ਬੋਰਡ ਕੋਲ ਰਾਖਵੇਂ ਹਨ)

**ਪ੍ਰਕਾਸ਼ਕ : ਸਕੱਤਰ ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।**

# ਸੰਦੇਸ਼

ਸਿੱਖਿਆ ਮਨੁੱਖੀ ਵਿਕਾਸ ਦਾ ਇੱਕ ਅਜਿਹਾ ਸਾਧਨ ਹੈ ਜਿਸ ਨਾਲ ਸਮਾਜ ਵਿੱਚ ਹੋ ਰਹੇ ਪਰਿਵਰਤਨ ਦਾ ਪ੍ਰਤੀਬਿੰਬ ਦਿਖਾਈ ਦਿੰਦਾ ਹੈ ਅਤੇ ਇਸ ਦੇ ਨਾਲ ਹੀ ਇਹ ਸਮਾਜ ਵਿੱਚ ਪਰਿਵਰਤਨ ਲਿਆਉਣ ਦਾ ਵੀ ਮੁੱਖ ਸਾਧਨ ਹੈ। ਇਸ ਦਾ ਮਨੋਰਥ ਕੇਵਲ ਸਰਟੀਫ਼ਿਕੇਟ ਪ੍ਰਾਪਤ ਕਰਨਾ ਹੀ ਨਹੀਂ ਸਗੋਂ ਵਿਦਿਆਰਥੀ ਨੂੰ ਬਹੁਪੱਖੀ ਸੂਝ ਦਾ ਧਾਰਨੀ ਬਨਾਉਣਾ ਹੈ। ਸਰਵ-ਵਿਆਪਕ ਸਿੱਖਿਆ ਦਾ ਟੀਚਾ ਸਾਡੇ ਅੱਗੇ ਵੱਡੀ ਚੁਣੌਤੀ ਹੈ ਕਿਉਂਕਿ ਸਾਧਨ ਤੇ ਸਹੂਲਤਾਂ ਸੀਮਿਤ ਹੋਣ ਕਾਰਨ ਇਸ ਟੀਚੇ ਨੂੰ ਰਸਮੀ ਸਿੱਖਿਆ ਨਾਲ ਪੂਰਾ ਨਹੀਂ ਕੀਤਾ ਜਾ ਸਕਦਾ। ਇਸ ਲਈ ਪੰਜਾਬ ਰਾਜ ਵਿੱਚ ਰਸਮੀ ਸਿੱਖਿਆ ਪ੍ਰਣਾਲੀ ਦੇ ਨਾਲ-ਨਾਲ ਗੈਰ-ਰਸਮੀ ਸਿੱਖਿਆ ਪ੍ਰਣਾਲੀ ਵਜੋਂ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਪੰਜਾਬ ਓਪਨ ਸਕੂਲ ਅਧੀਨ ਵੀ ਸਿੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ। ਇਸ ਪ੍ਰਣਾਲੀ ਰਾਹੀਂ, ਰਸਮੀ ਸਿੱਖਿਆ ਤੋਂ ਵਾਂਝੇ ਰਹੇ ਜਾਂ ਰਸਮੀ ਸਿੱਖਿਆ ਨਾਲੋਂ ਟੁੱਟ ਚੁੱਕੇ ਵਿਦਿਆਰਥੀਆਂ, ਨੌਕਰੀ ਸ਼ੁਦਾ ਲੋਕਾਂ ਜਿਹਨਾਂ ਨੂੰ ਮਜਬੂਰਨ ਅਗਲੇਰੀ ਪੜ੍ਹਾਈ ਬੰਦ ਕਰਨੀ ਪਈ ਹੋਵੇ, ਘਰੋਗੀ ਕੰਮ ਕਰਦੀਆਂ ਗ੍ਰਹਿਣੀਆਂ, ਫੌਜੀ ਅਤੇ ਨੀਮ ਫੌਜੀ ਦਸਤਿਆਂ ਦੇ ਜਵਾਨਾਂ, ਅਨੁਸੂਚਿਤ ਤੇ ਪੱਛੜੀਆਂ ਜਾਤੀਆਂ, ਦੂਰ-ਦੁਰਾਡੇ ਰਹਿੰਦੇ ਲੋਕਾਂ ਅਤੇ ਉਨ੍ਹਾਂ ਲੋਕਾਂ ਨੂੰ ਜੋ ਸਮਾਜਿਕ ਅਤੇ ਆਰਥਿਕ ਔਕੜਾਂ ਕਾਰਨ ਸਿੱਖਿਆ ਪ੍ਰਾਪਤ ਨਹੀਂ ਕਰ ਸਕੇ, ਮੁੜ ਸਿੱਖਿਆ ਜਗਤ ਨਾਲ ਜੋੜਿਆ ਜਾ ਸਕਦਾ ਹੈ।

ਓਪਨ ਸਕੂਲ ਸਿੱਖਿਆ ਪ੍ਰਣਾਲੀ ਸਵੈ-ਅਧਿਐਨ 'ਤੇ ਜ਼ੋਰ ਦਿੰਦੀ ਹੈ ਅਤੇ ਔਕੜ ਪੇਸ਼ ਆਉਣ ਮੌਕੇ ਅਧਿਆਪਕ ਇੱਕ ਭਰੋਸੇਯੋਗ ਸਲਾਹਕਾਰ ਵਜੋਂ ਕੰਮ ਕਰਦਾ ਹੈ ਜੋ ਵਿਦਿਆਰਥੀਆਂ ਦੇ ਨੇਮਬੱਧ ਸਮੇਂ ਤੇ ਸਕੂਲ ਜਾਣ ਤੋਂ ਬਗੈਰ ਹੀ ਇਹ ਸਪਸ਼ਟ ਕਰਦਾ ਹੈ ਕਿ ਪੜ੍ਹਾਈ ਕਿਵੇਂ, ਕਿੱਥੇ ਅਤੇ ਕਿਸ ਤੋਂ ਕਰਨੀ ਹੈ। ਇਸ ਮੰਤਵ ਦੀ ਪੂਰਤੀ ਲਈ ਹੀ ਸਕੂਲਾਂ ਦੀ ਐਕਰੀਡਿਟੇਸ਼ਨ ਕਰਕੇ ਪੰਜਾਬ ਓਪਨ ਸਕੂਲ ਦੇ ਵਿਦਿਆਰਥੀਆਂ ਲਈ ਅਧਿਐਨ ਕੇਂਦਰ ਸਥਾਪਿਤ ਕੀਤੇ ਜਾਂਦੇ ਹਨ ਜਿੱਥੇ ਵਿਦਿਆਰਥੀਆਂ ਲਈ ਵਿਅਕਤੀਗਤ ਸੰਪਰਕ ਪ੍ਰੋਗਰਾਮ ਰਾਹੀਂ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ। ਪੰਜਾਬ ਓਪਨ ਸਕੂਲ ਦੇ ਵਿਦਿਆਰਥੀਆਂ ਲਈ ਲਾਗੂ ਪੜ੍ਹਾਈ ਸਕੀਮ ਦੇ ਵਿਸ਼ਿਆਂ ਲਈ ਰੈਗੂਲਰ ਵਿਦਿਆਰਥੀਆਂ ਵਾਲਾ ਪਾਠ-ਕ੍ਰਮ ਹੀ ਲਾਗੂ ਹੈ ਅਤੇ ਓਪਨ ਸਕੂਲ ਦੇ ਕੋਰਸਾਂ ਦੀ ਪਰੀਖਿਆ ਪਾਸ ਕਰਨ 'ਤੇ ਸਰਟੀਫ਼ਿਕੇਟ ਵੀ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਿੱਤਾ ਜਾਂਦਾ ਹੈ ਜੋ ਹਰ ਪੱਖੋਂ ਰੈਗੂਲਰ ਵਿਦਿਆਰਥੀਆਂ ਦੇ ਸਰਟੀਫ਼ਿਕੇਟ ਦੇ ਬਰਾਬਰ ਹੈ।

ਆਸ ਕਰਦੇ ਹਾਂ ਕਿ ਸਾਖਰਤਾ ਦੇ ਟੀਚੇ ਨੂੰ ਪੂਰਾ ਕਰਨ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਓਪਨ ਸਕੂਲ ਸਿੱਖਿਆ ਪ੍ਰਣਾਲੀ ਦਾ ਇਹ ਉਪਰਾਲਾ ਪੜ੍ਹਾਈ ਤੋਂ ਵਾਂਝੇ ਰਹੇ ਵਿਦਿਆਰਥੀਆਂ ਨੂੰ ਇੱਕ ਨਵੀਂ ਦਿਸ਼ਾ ਪ੍ਰਦਾਨ ਕਰੇਗਾ ਅਤੇ ਜੀਵਨ ਜਾਚ ਸਿਖਾ ਕੇ ਸਫ਼ਲ ਵਿਅਕਤੀ ਬਣ ਸਕਣ ਲਈ ਨਵੀਂ ਰਾਹ ਦਿਖਾਏਗਾ। ਇਸ ਸਿੱਖਿਆ ਪ੍ਰਣਾਲੀ ਵਿਚ ਹੋਰ ਸੁਧਾਰ ਲਿਆਉਣ ਹਿੱਤ ਖੇਤਰ ਤੋਂ ਆਏ ਸੁਝਾਵਾਂ ਦਾ ਬੋਰਡ ਵਲੋਂ ਸਤਿਕਾਰ ਕੀਤਾ ਜਾਵੇਗਾ।

ਚੇਅਰਮੈਨ

ਪੰਜਾਬ ਸਕੂਲ ਸਿੱਖਿਆ ਬੋਰਡ,

ਸਾਹਿਬਜ਼ਾਦਾ ਅਜੀਤ ਸਿੰਘ ਨਗਰ।

# ਅਧਿਐਨ ਕੇਂਦਰਾਂ ਦੇ ਮੁਖੀਆਂ ਲਈ

ਦੇਸ਼ ਭਰ ਵਿੱਚ ਸਾਖਰਤਾ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਦੀ ਸਾਰਥਕ ਪ੍ਰਾਪਤੀ ਲਈ ਪੰਜਾਬ ਰਾਜ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਓਪਨ ਸਕੂਲ ਪ੍ਰਣਾਲੀ ਅਧੀਨ, ਅਧਿਐਨ ਕੇਂਦਰਾਂ ਰਾਹੀਂ ਉਨ੍ਹਾਂ ਲੋਕਾਂ ਨੂੰ ਸਿੱਖਿਅਤ ਕੀਤਾ ਜਾਂਦਾ ਹੈ ਜੋ ਰਸਮੀ ਸਿੱਖਿਆ ਪ੍ਰਣਾਲੀ ਨਾਲੋਂ ਕਿਸੇ ਨਾ ਕਿਸੇ ਕਾਰਨ ਟੁੱਟ ਚੁੱਕੇ ਹਨ। ਅਜਿਹੇ ਵਿਦਿਆਰਥੀ ਆਪਣਾ ਸੁਪਨਾ ਸਾਕਾਰ ਕਰਨ ਲਈ ਪੰਜਾਬ ਓਪਨ ਸਕੂਲ ਪ੍ਰਣਾਲੀ ਨਾਲ ਜੁੜਦੇ ਹਨ ਅਤੇ ਉਹਨਾਂ ਨੂੰ ਸਵੈ-ਅਧਿਐਨ ਦੌਰਾਨ ਪੇਸ਼ ਆਈਆਂ ਔਕੜਾਂ ਨੂੰ ਹੱਲ ਕਰਨ ਲਈ ਅਧਿਐਨ ਕੇਂਦਰਾਂ ਦੀ ਭਰਪੂਰ ਸਹਾਇਤਾ ਮਿਲਦੀ ਹੈ।

ਅਧਿਐਨ ਕੇਂਦਰਾਂ ਨੇ ਨਾ ਸਿਰਫ਼ ਪਰੀਖਿਆਵਾਂ ਲਈ ਇਨ੍ਹਾਂ ਵਿਦਿਆਰਥੀਆਂ ਨੂੰ ਤਿਆਰ ਕਰਨਾ ਹੈ ਸਗੋਂ ਸਿੱਖਿਅਤ ਹੋਣ ਲਈ ਵਿਦਿਆਰਥੀ ਦੀਆਂ ਅਕਾਦਮਿਕ ਔਕੜਾਂ ਸੁਲਝਾਉਣ ਵਿੱਚ ਸੇਵਾ ਵਰਗੀ ਮਦਦ ਕਰਨੀ ਹੀ ਹੈ। ਇਸ ਤੋਂ ਇਲਾਵਾ ਕੁਝ ਰਸਮੀ ਕਾਰਜਾਂ ਜਿਵੇਂ ਫ਼ੀਸਾਂ ਤੇ ਫ਼ਾਰਮ ਆਦਿ ਜਮ੍ਹਾਂ ਕਰਵਾਉਣੇ ਤੇ ਪੰਜਾਬ ਓਪਨ ਸਕੂਲ ਦੇ ਨਿਯਮਾਂ ਆਦਿ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਉਣਾ ਜਾਂ ਹੋਰ ਲੋੜੀਂਦੀ ਅਗਵਾਈ ਦੇਣ ਵਿੱਚ ਵੀ ਅਧਿਐਨ ਕੇਂਦਰ ਵਿਦਿਆਰਥੀ ਲਈ ਸਹਾਇਤਾ ਚਾਨਣ-ਮੁਨਾਰੇ ਵਾਂਗ ਕਾਰਜ ਕਰਦੇ ਹਨ। ਇਸ ਲਈ ਇਹ ਸਪਸ਼ਟ ਹੈ ਕਿ ਬਦਲਵੀਂ ਸਿੱਖਿਆ ਪ੍ਰਣਾਲੀ ਦੀ ਕਾਮਯਾਬੀ ਅਸਲ ਵਿੱਚ ਵਿਦਿਆਰਥੀਆਂ ਦੀ ਸਿੱਖਿਅਤ ਹੋਣ ਦੀ ਕਾਮਯਾਬੀ ਵਿੱਚ ਹੀ ਛੁਪੀ ਹੈ ਜੋ ਅਧਿਐਨ ਕੇਂਦਰਾਂ ਦੀ ਠੋਸ ਤੇ ਸੁਯੋਗ ਅਗਵਾਈ ਸਦਕਾ ਹੀ ਸੰਭਵ ਹੈ।

ਓਪਨ ਸਕੂਲ ਸਿੱਖਿਆ ਪ੍ਰਨਾਲੀ ਵਿੱਚ ਸੁਧਾਰ ਲਿਆਉਣ ਹਿੱਤ ਖੇਤਰ ਵਿਚੋਂ ਪ੍ਰਾਪਤ ਸੁਝਾਵਾਂ ਦਾ ਬੋਰਡ ਵੱਲੋਂ ਸਤਿਕਾਰ ਕੀਤਾ ਜਾਵੇਗਾ।

ਇੰਚਾਰਜ (ਓਪਨ ਸਕੂਲ),
ਪੰਜਾਬ ਸਕੂਲ ਸਿੱਖਿਆ ਬੋਰਡ,
ਐੱਸ.ਏ.ਐੱਸ. ਨਗਰ।

# ਅਧਿਐਨ ਕੇਂਦਰਾਂ ਲਈ
## ਅਗਵਾਈ ਲੀਹਾਂ ਅਤੇ ਹਦਾਇਤਾਂ

ਓਪਨ ਸਕੂਲ ਸਿੱਖਿਆ ਪ੍ਰਨਾਲੀ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਪ੍ਰਵਾਣਿਤ ਸਿੱਖਿਆ ਪ੍ਰਨਾਲੀਹੈ। ਵਿੱਦਿਆ ਦੇ ਪ੍ਰਸਾਰ ਦੇ ਮਾਨਵੀ ਮਕਸਦ ਨੂੰ ਪੂਰਾ ਕਰਨ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਇਸ ਪ੍ਰਨਾਲੀ/ਸਕੀਮ ਨੂੰ ਪੰਜਾਬ ਰਾਜ ਦੇ ਵਿਦਿਆਰਥੀਆਂ ਦੇ ਅਕਾਦਮਿਕ ਵਿਕਾਸ ਹਿੱਤ ਰਸਮੀ ਸਿੱਖਿਆ ਪ੍ਰਨਾਲੀ ਦੇ ਸਮਾਨ-ਅੰਤਰ ਪ੍ਰਨਾਲੀ ਵਜੋਂ ਅਪਣਾਇਆ ਗਿਆ ਹੈ। ਪਿਛਲੇ ਸਾਲਾਂ ਦੇ ਅੰਕੜਿਆਂ ਤੋਂ ਸਪਸ਼ਟ ਹੁੰਦਾ ਹੈ ਕਿ ਇਹ ਸਕੀਮ ਵਿਦਿਆਰਥੀਆਂ ਅਤੇ ਅਧਿਐਨ ਕੇਂਦਰਾਂ ਵਿੱਚ ਨਾ ਸਿਰਫ਼ ਹਰਮਨ ਪਿਆਰੀ ਹੋ ਰਹੀ ਹੈ ਸਗੋਂ ਰਾਜ ਦੇ ਵਿੱਦਿਅਕ ਪੱਖੋਂ ਵਿਕਾਸ ਦੇ ਮਨੋਰਥ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾ ਰਹੀ ਹੈ। ਇਸ ਪ੍ਰਨਾਲੀ ਦਾ ਇੱਕ ਹੋਰ ਪਹਿਲੂ ਇਹ ਵੀ ਹੈ ਕਿ ਓਪਨ ਸਕੂਲ ਅਦਾਰਿਆਂ ਜ਼ਰੀਏ, ਮਨੁੱਖਤਾ ਦੇ ਵਿਕਾਸ ਵਿੱਚ ਵਡਮੁੱਲਾ ਯੋਗਦਾਨ ਪਾਇਆ ਜਾ ਸਕਦਾ ਹੈ।

### ਪੰਜਾਬ ਓਪਨ ਸਕੂਲ ਦੇ ਕੋਰਸਾਂ ਲਈ ਅਧਿਐਨ ਕੇਂਦਰਾਂ ਅਤੇ ਵਿਦਿਆਰਥੀਆਂ ਦੀ ਗਿਣਤੀ

| ਲੜੀ ਨੰ: | ਅਕਾਦਮਿਕ ਸਾਲ | ਮੈਟ੍ਰਿਕੁਲੇਸ਼ਨ (ਸੈਕੰਡਰੀ) | | ਸੀਨੀਅਰ ਸੈਕੰਡਰੀ | |
|---|---|---|---|---|---|
| | | ਵਿਦਿਆਰਥੀ | ਅਧਿਐਨ ਕੇਂਦਰ | ਵਿਦਿਆਰਥੀ | ਅਧਿਐਨ ਕੇਂਦਰ |
| 1 | 2006-07 | 46000 | 500 | 11000 | 225 |
| 2 | 2007-08 | 59480 | 525 | 18723 | 175 |
| 3 | 2008-09 | 59458 | 592 | 21049 | 359 |
| 4 | 2009-10 | 61651 | 604 | 21573 | 356 |
| 5 | 2010-11 | 29797 | 542 | 20640 | 326 |
| 6 | 2011-12 | 38890 | 500 | 36900 | 403 |
| 7 | 2012-13 | 48726 | 637 | 56179 | 448 |
| 8 | 2013-14 | 35586 | 710 | 48292 | 490 |
| 9 | 2014-15 | 27096 | 599 | 38031 | 473 |
| 10 | 2015-16 | 23386 | 680 | 34637 | 515 |
| 11 | 2016-17 | 27176 | 533 | 32474 | 404 |
| 12 | 2017-18 | 34422 | 546 | 28518 | 414 |
| 13 | 2018-19 | 25011 | 538 | 23316 | 410 |

| | | | | | |
|---|---|---|---|---|---|
| 14 | 2019-20 | 21884 | 998 | 22202 | 884 |
| 15 | 2020-21 | 9668 | 614 | 14534 | 509 |
| 16 | 2021-22 | 12000 | 467 | 16332 | 398 |
| 17 | 2022-23 | 10573 | 456 | 14739 | 392 |
| 18 | 2023-24 | 11520 | 465 | 16075 | 401 |
| 19 | 2024-25 | 9855 | 458 | 13342 | 400 |

## ਪੰਜਾਬ ਓਪਨ ਸਕੂਲ ਦੇ ਪ੍ਰਬੰਧ ਬਾਰੇ

### 1. ਅਧਿਐਨ ਕੇਂਦਰਾਂ ਦੀ ਸਥਾਪਨਾ

1.1 ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਰਕਾਰੀ/ਪ੍ਰਾਈਵੇਟ-ਏਡਿਡ/ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਐਫੀਲੀਏਟਿਡ ਅਤੇ ਬੋਰਡ ਦੇ ਆਦਰਸ਼ ਸਕੂਲਾਂ ਨੂੰ ਓਪਨ ਸਕੂਲ ਦੇ ਅਧਿਐਨ ਕੇਂਦਰ ਵਜੋਂ ਐਕਰੀਡਿਟੇਸ਼ਨ (ਮਾਨਤਾ) ਦਿੱਤੀ ਜਾਂਦੀ ਹੈ। ਇਹ ਐਕਰੀਡਿਟੇਸ਼ਨ ਉਸੇ ਪੱਧਰ/ਗਰੁੱਪ ਲਈ ਦਿੱਤੀ ਜਾਂਦੀ ਹੈ, ਜਿਸ ਪੱਧਰ ਤੱਕ ਸੰਸਥਾ ਨੂੰ ਬੋਰਡ ਦੀ ਐਫੀਲੀਏਸ਼ਨ ਪ੍ਰਾਪਤ ਹੁੰਦੀ ਹੈ। ਅਕਾਦਮਿਕ ਸਾਲ 1997-98 ਤੋਂ ਪਹਿਲਾਂ ਅੱਠਵੀਂ ਜਮਾਤ ਲਈ ਐਫੀਲੀਏਟਿਡ ਸਕੂਲਾਂ ਵਿੱਚ ਮੈਟ੍ਰਿਕੁਲੇਸ਼ਨ ਜਮਾਤ ਲਈ ਅਤੇ ਮੈਟ੍ਰਿਕ ਸ਼੍ਰੇਣੀ ਤੱਕ ਐਫੀਲੀਏਟਿਡ ਸਕੂਲਾਂ ਵਿਚ ਸੀਨੀਅਰ ਸੈਕੰਡਰੀ ਜਮਾਤ ਲਈ ਅਧਿਐਨ ਕੇਂਦਰ ਸਥਾਪਿਤ ਕਰਨ ਦਾ ਉਪਬੰਧ ਖਤਮ ਕਰ ਦਿਤਾ ਗਿਆ ਹੈ। ਜਿਹਨਾਂ ਸੰਸਥਾਵਾਂ ਨੂੰ ਇਸ ਉਪਬੰਧ ਅਧੀਨ ਪਹਿਲਾਂ ਐਕਰੀਡਿਟੇਸ਼ਨ ਮਿਲ ਚੁੱਕੀ ਹੈ, ਉਹਨਾਂ ਦੀ ਮਾਨਤਾ ਜਾਰੀ ਰਹੇਗੀ। ਅਕਾਦਮਿਕ ਸਾਲ 2011-12 ਤੋਂ ਸੀਨੀਅਰ ਸੈਕੰਡਰੀ ਕੋਰਸ ਵਿੱਚ ਸਾਇੰਸ ਵਿਸ਼ੇ ਲੈ ਸਕਣ ਦੀ ਖੁੱਲ੍ਹ ਦਿੱਤੀ ਗਈ ਸੀ ਪਰ ਤਕਨੀਕੀ/ਅਕਾਦਮਿਕ ਮੁਸ਼ਕਲਾਂ ਨੂੰ ਦੇਖਦੇ ਹੋਏ ਅਕਾਦਮਿਕ ਸਾਲ 2014-15 ਤੋਂ ਇਹ ਸਹੂਲਤ ਸਿਰਫ ਸਾਇੰਸ ਗਰੁੱਪ ਵਿੱਚੋਂ ਫੇਲ੍ਹ ਵਿਦਿਆਰਥੀਆਂ ਨੂੰ ਹੀ ਮੁਹੱਈਆ ਕੀਤੀ ਜਾਂਦੀ ਹੈ। ਸੀਨੀਅਰ ਸੈਕੰਡਰੀ ਪੱਧਰ ਤੇ ਮਿਸ਼ਰਤ ਗਰੁੱਪ ਕੇਵਲ ਸਾਇੰਸ ਗਰੁੱਪ ਲਈ ਐਕਰੀਡਿਟਿਡ ਅਧਿਐਨ ਕੇਂਦਰਾਂ ਵਲੋਂ ਹੀ ਚਲਾਏ ਜਾ ਸਕਦੇ ਹਨ।

1.2 ਅਕਾਦਮਿਕ ਸਾਲ 2013-14 ਤੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਆਦਰਸ਼ ਸਕੂਲਾਂ ਵਿੱਚ ਓਪਨ ਸਕੂਲ ਸਿੱਖਿਆ ਪ੍ਰਣਾਲੀ ਅਧੀਨ ਐਕਰੀਡਿਟੇਸ਼ਨ ਪ੍ਰਾਪਤ ਕਰਨ ਜਾਂ ਰੀਨੀਊਅਲ ਲਈ ਸਾਰੇ ਹੀ ਅਦਾਰੇ ਆਪਣੀ ਲਾਗ-ਇਨ ਆਈ.ਡੀ ਤੋਂ ਓਪਨ ਸਕੂਲ ਦੇ ਪੋਰਟਲ ਵਿੱਚ ਜਾ ਕੇ ਨਿਰਧਾਰਤ ਪ੍ਰੋਫਾਰਮਾ ਭਰਨਗੇ। ਅਧਿਐਨ ਕੇਂਦਰ ਸਥਾਪਤ ਕਰਨ ਲਈ ਬੋਰਡ ਵਲੋਂ ਲਈ ਜਾਂਦੀ ਐਕਰੀਡਿਟੇਸ਼ਨ (ਓਪਨ ਸਕੂਲ ਲਈ ਮਾਨਤਾ) ਫ਼ੀਸ ਤੋਂ ਛੋਟ ਦਿੱਤੀ ਗਈ ਹੈ। ਇੱਕ ਸੰਸਥਾ ਵੱਲੋਂ ਸਾਰੀਆਂ ਸ਼੍ਰੇਣੀਆਂ/ਗਰੁਪਾਂ ਲਈ ਪ੍ਰੋਫਾਰਮਾ ਭਰਿਆ ਜਾਣਾ ਜ਼ਰੂਰੀ ਹੈ। ਵਿੱਦਿਅਕ ਅਦਾਰੇ ਕੇਵਲ ਉਸੇ ਸ਼੍ਰੇਣੀ/ਗਰੁੱਪ ਲਈ ਐਕਰੀਡਿਟੇਸ਼ਨ ਲੈ ਸਕਦੇ ਹਨ ਜਿਸ ਸ਼੍ਰੇਣੀ/ਗਰੁੱਪ ਨੂੰ ਪੜ੍ਹਾਉਣ ਦੀ ਉਨ੍ਹਾਂ ਨੂੰ ਪ੍ਰਵਾਨਗੀ ਮਿਲੀ ਹੈ।

1.3 ਬੋਰਡ ਦੀ ਮੀਟਿੰਗ ਵਿੱਚ ਨਿਰਣਾ ਲਿਆ ਗਿਆ ਹੈ ਕਿ ਅਕਾਦਮਿਕ ਸਾਲ 2023-24 ਤੋਂ ਸਰਕਾਰੀ ਸਕੂਲਾਂ ਨੂੰ ਓਪਨ ਸਕੂਲ ਦੀ ਐਕਰੀਡਿਟੇਸ਼ਨ ਫੀਸ ਤੋਂ ਛੋਟ ਦਿੱਤੀ ਗਈ ਹੈ ਤਾਂ ਜੋ ਸਰਕਾਰੀ ਸਕੂਲਾਂ ਰਾਹੀਂ ਓਪਨ ਸਕੂਲ ਦੇ ਦਾਖਲਿਆਂ ਲਈ ਵਿਦਿਆਰਥੀਆਂ ਨੂੰ ਵਧੇਰੇ ਅਧਿਐਨ ਕੇਂਦਰਾਂ ਦੀ ਸੁਵਿਧਾ ਦਿੱਤੀ ਜਾ ਸਕੇ।

1.4 **ਹਰ ਸੰਸਥਾ ਲਈ ਐਕਰੀਡਿਟੇਸ਼ਨ ਦੀ ਰੀਨਿਊਅਲ ਹਰ ਸਾਲ ਕਰਵਾਉਣੀ ਲਾਜ਼ਮੀ ਹੈ।** ਮਈ ਮਹੀਨੇ ਦੇ ਅੰਤ ਵਿੱਚ ਬੋਰਡ ਦੀ ਵੈੱਬਸਾਈਟ www.pseb.ac.in ਤੇ ਦਿੱਤੀ ਅਧਿਐਨ ਕੇਂਦਰਾਂ ਦੀ Latest ਸੂਚੀ ਅਨੁਸਾਰ ਆਪਣੀ ਰੀਨਿਊਅਲ ਦੀ ਪੁਸ਼ਟੀ ਵੀ ਕਰ ਲੈਣੀ ਚਾਹੀਦੀ ਹੈ। ਰੀਨਿਊਅਲ ਨਾ ਦੇਣ ਸਬੰਧੀ ਵੱਖਰਾ ਪੱਤਰ ਵਿਹਾਰ ਨਹੀਂ ਕੀਤਾ ਜਾਵੇਗਾ।

1.5 ਐਕਰੀਡਿਟੇਸ਼ਨ ਨਿਰਧਾਰਤ ਸ਼ਡਿਊਲ ਅਨੁਸਾਰ ਕੀਤੀ ਜਾਂਦੀ ਹੈ ਜਿਸ ਦੀ ਸੂਚਨਾ ਵੱਖ-ਵੱਖ ਅਖਬਾਰਾਂ ਵਿੱਚ ਪਬਲਿਕ ਨੋਟਿਸ ਰਾਹੀਂ ਅਤੇ ਬੋਰਡ ਦੀ ਵੈੱਬਸਾਈਟ ਤੇ ਵੀ ਉਪਲਬਧ ਕਰਵਾਈ ਜਾਂਦੀ ਹੈ। ਐਕਰੀਡਿਟੇਸ਼ਨ (ਮਾਨਤਾ) ਲੈਣ/ਰੀਨਿਊਅਲ ਲਈ 6360/- ਰੁਪਏ ਪ੍ਰਤੀ ਸ਼੍ਰੇਣੀ/ਪ੍ਰਤੀ ਗਰੁੱਪ ਲੇਟ ਫ਼ੀਸ ਨਾਲ ਅੰਤਿਮ ਮਿਤੀ 31-08-2025 ਹੈ। ਇਸ ਉਪਰੰਤ ਸ਼ਡਿਊਲ ਵਿੱਚ ਹੋਰ ਕੋਈ ਵਾਧਾ ਨਹੀਂ ਕੀਤਾ ਜਾਵੇਗਾ।

1.6 ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਮੇਂ ਸਮੇਂ ਜਾਰੀ ਹਦਾਇਤਾਂ/ਸ਼ਰਤਾਂ ਦੀ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਜਾਂ ਗਲਤ ਬਿਆਨ ਕਰਨ ਤੇ ਸਕੂਲ ਦੀ ਅਧਿਐਨ ਕੇਂਦਰ ਵਜੋਂ ਮਿਲੀ ਐਕਰੀਡਿਟੇਸ਼ਨ ਕਿਸੇ ਵੀ ਸਮੇਂ ਬਿਨਾਂ ਕਿਸੇ ਨੋਟਿਸ ਦੇ ਰੱਦ ਕੀਤੀ ਜਾ ਸਕਦੀ ਹੈ।

1.7 ਆਨਲਾਈਨ ਐਕਰੀਡਿਟੇਸ਼ਨ ਪ੍ਰੋਫਾਰਮੇ ਦੀ Final Submission ਤੋਂ ਬਾਅਦ ਉਸ ਦੀ ਇੱਕ ਹਾਰਡ ਕਾਪੀ ਹਫਤੇ ਦੇ ਅੰਦਰ ਓਪਨ ਸਕੂਲ ਸ਼ਾਖਾ ਵਿੱਚ ਜਮ੍ਹਾਂ ਕਰਵਾਈ ਜਾਵੇ।

1.8 200 ਤੋਂ ਵੱਧ ਵਿਦਿਆਰਥੀਆਂ ਦਾ ਦਾਖਲਾ ਕਰਨ ਲਈ ਕੋਈ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ।

## 2. ਅਧਿਐਨ ਕੇਂਦਰ ਦੇ ਕਾਰਜ/ਦਾਖਲੇ ਸਬੰਧੀ ਹਦਾਇਤਾਂ

2.1 ਬੋਰਡ ਦੀ ਮੀਟਿੰਗ ਵਿੱਚ ਲਏ ਗਏ ਨਿਰਣੇ ਅਨੁਸਾਰ ਓਪਨ ਸਕੂਲ ਪ੍ਰਣਾਲੀ ਵਿੱਚ ਵਿਦਿਆਰਥੀ ਆਨਲਾਈਨ ਦਾਖਲਾ ਹੇਠ ਦਰਜ ਪ੍ਰਕਿਰਿਆਵਾਂ ਵਿੱਚੋਂ ਕਿਸੇ ਵੀ ਪ੍ਰਕਿਰਿਆ ਰਾਹੀਂ ਲੈ ਸਕਦਾ ਹੈ:

(ੳ) ਆਨਲਾਈਨ ਪੋਰਟਲ ਰਾਹੀਂ ਸਿੱਧਾ ਦਾਖਲਾ

(ਅ) ਐਕਰੀਡਿਟਿਡ ਸੰਸਥਾਵਾਂ ਰਾਹੀਂ ਦਾਖਲਾ

(ੲ) ਬੋਰਡ ਦੇ ਖੇਤਰੀ ਦਫਤਰਾਂ ਰਾਹੀਂ ਦਾਖਲਾ

ਅਧਿਐਨ ਕੇਂਦਰ ਵਿਦਿਆਰਥੀਆਂ ਦੀਆਂ ਨਿਰਧਾਰਤ ਯੋਗਤਾਵਾਂ ਸਬੰਧੀ ਦਸਤਾਵੇਜ਼ਾਂ ਨੂੰ ਚੈਕ ਕਰਦੇ ਹੋਏ ਦਾਖਲਾ ਲੈਣ ਲਈ ਵਿਦਿਆਰਥੀ ਦੀ ਸਹਾਇਤਾ ਕਰਨੀ ਯਕੀਨੀ ਬਣਾਏਗਾ।

2.2 ਅਧਿਐਨ ਕੇਂਦਰ ਵੱਲੋਂ ਆਪਣੇ ਪੱਧਰ ਤੇ ਓਪਨ ਸਕੂਲ ਸਕੀਮ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਹਿੱਤ ਹਰ ਸੰਭਵ ਯਤਨ ਕੀਤਾ ਜਾਣਾ ਚਾਹੀਦਾ ਹੈ। ਇਸ ਮੰਤਵ ਲਈ ਸੈਮੀਨਾਰ, ਅਖਬਾਰਾਂ, ਟੀ.ਵੀ., ਜਨਤਕ ਸੰਚਾਰ ਸਾਧਨਾਂ ਅਤੇ ਹੋਰ ਸਮਾਜਿਕ ਵਿੱਦਿਅਕ ਸੰਸਥਾਵਾਂ ਦਾ ਸਹਿਯੋਗ ਲਿਆ ਜਾ ਸਕਦਾ ਹੈ।

2.3 ਉਪਰੋਕਤ ਮੰਤਵ ਲਈ ਕਰਵਾਏ ਜਾਣ ਵਾਲੇ ਸੈਮੀਨਾਰ ਵਿੱਚ ਵਿਦਿਆਰਥੀ, ਮਾਪੇ, ਅਧਿਆਪਕ, ਬੋਰਡ ਦੇ ਵਿਸ਼ਾ ਮਾਹਿਰਾਂ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਕਾਰਜ ਕਰਤਾਵਾਂ ਨੂੰ ਹੀ ਸ਼ਾਮਲ ਕੀਤਾ ਜਾ ਸਕਦਾ ਹੈ।

2.4 ਅਧਿਐਨ ਕੇਂਦਰ ਲਈ ਇਹ ਜ਼ਰੂਰੀ ਹੋਵੇਗਾ ਕਿ ਉਹ ਸਕੂਲ ਦੇ ਮੇਨ ਗੇਟ ਦੇ ਬੋਰਡ ਉੱਤੇ ਆਪਣਾ ਅਧਿਐਨ ਕੇਂਦਰ ਕੋਡ ਲਿਖ ਕੇ ਅੰਕਿਤ ਕਰੇ ਕਿ ਉਸ ਨੂੰ ਪੰਜਾਬ ਓਪਨ ਸਕੂਲ ਦੇ ਅਧਿਐਨ ਕੇਂਦਰ ਵਜੋਂ ਐਕਰੀਡਿਟੇਸ਼ਨ (ਮਾਨਤਾ) ਪ੍ਰਾਪਤ ਹੈ।

2.5 **ਵਿਦਿਆਰਥੀ ਵੱਲੋਂ ਪੂਰਾ ਫਾਰਮ ਭਰ ਲੈਣ ਪਿਛੋਂ ਵੇਰਵੇ ਲਾਕ ਹੋ ਜਾਣਗੇ ਅਤੇ ਵਿਦਿਆਰਥੀ ਲਈ ਇੱਕ ਸਲਿੱਪ ਜਨਰੇਟ ਹੋਵੇਗੀ ਜਿਸ ਉੱਤੇ ਉਸ ਦਾ ਨਾਂ, ਪਿਤਾ ਦਾ ਨਾਂ ਅਤੇ ਉਸਨੂੰ ਅਲਾਟ ਹੋਏ ਅਧਿਐਨ ਕੇਂਦਰ ਦਾ ਨਾਂ ਦਰਜ ਹੋਵੇਗਾ।** ਉਸ ਸਲਿੱਪ ਉੱਤੇ ਇਹ ਸੂਚਨਾ ਮੋਟੇ ਅੱਖਰਾਂ ਵਿੱਚ ਦਰਜ ਹੋਵੇਗੀ ਕਿ ਵਿਦਿਆਰਥੀ 7 ਦਿਨਾਂ ਦੇ ਅੰਦਰ ਆਪਣੇ ਅਧਿਐਨ ਕੇਂਦਰ ਨੂੰ ਸੰਪਰਕ ਕਰੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਸ ਦਾ ਦਾਖਲਾ ਰੱਦ ਹੋ ਸਕਦਾ ਹੈ। ਇਸ ਉਪਰੰਤ ਫਾਰਮ ਬੋਰਡ ਦੇ ਕੰਪਿਊਟ੍ਰਿਕ੍ਰਿਤ ਪ੍ਰਣਾਲੀ ਰਾਹੀਂ ਅਲਾਟ ਕੀਤੇ ਅਧਿਐਨ ਕੇਂਦਰ ਦੀ ਲਾਗਇਨ ਆਈ.ਡੀ. ਉੱਤੇ ਪਾ ਦਿੱਤੇ ਜਾਣਗੇ ਜਿਥੋਂ ਵਿਦਿਆਰਥੀ ਦਾ ਫਾਰਮ ਸਿੱਧਾ ਬੋਰਡ ਵੱਲੋਂ ਅਲਾਟ ਹੋਏ ਅਧਿਐਨ ਕੇਂਦਰ ਤੋਂ ਹੀ ਡਾਊਨਲੋਡ ਕੀਤਾ ਜਾ ਸਕੇਗਾ।

ਵਿਦਿਆਰਥੀ ਨੂੰ ਆਪਣੇ ਦਸਤਾਵੇਜ਼ਾਂ ਸਮੇਤ ਅਧਿਐਨ ਕੇਂਦਰ ਨਾਲ ਸੰਪਰਕ ਕਰਨ ਅਤੇ ਫ਼ਾਰਮ ਡਾਊਨ ਲੋਡ ਕਰਨ ਲਈ 7 ਦਿਨ ਦਿੱਤੇ ਜਾਣਗੇ। ਇਸ ਤਰ੍ਹਾਂ ਵਿਦਿਆਰਥੀ ਦਾ ਅਧਿਐਨ ਕੇਂਦਰ ਨਾਲ ਸੰਪਰਕ ਯਕੀਨੀ ਬਣਾਇਆ ਜਾ ਸਕੇਗਾ।

2.6 ਦਾਖਲੇ ਉਪਰੰਤ ਵਿਦਿਆਰਥੀ ਦਾ ਫਾਰਮ ਉਸਨੂੰ ਅਲਾਟ ਹੋਏ ਅਧਿਐਨ ਕੇਂਦਰ ਵਿੱਚ ਹੀ ਡਾਊਨਲੋਡ ਹੋਵੇਗਾ। ਅਧਿਐਨ ਕੇਂਦਰ, ਇਨ੍ਹਾਂ ਫਾਰਮਾਂ ਤੋਂ ਵਿਦਿਆਰਥੀ ਦੇ ਵੇਰਵਿਆਂ, Email ਅਤੇ ਫੋਨ ਨੰਬਰ ਆਦਿ ਦੀ ਪੜਤਾਲ ਕਰਨ ਅਤੇ ਉਸ ਦਾ ਰਿਕਾਰਡ ਰੱਖਣ ਤਾਂ ਜੋ ਲੋੜ ਪੈਣ ਤੇ ਵਿਦਿਆਰਥੀ ਨਾਲ ਸੰਪਰਕ ਕੀਤਾ ਜਾ ਸਕੇ।

2.7 ਅਲਾਟ ਹੋਏ ਅਧਿਐਨ ਕੇਂਦਰ ਵਿੱਚ ਦਾਖਲਾ ਫਾਰਮ ਦੀਆਂ ਚਾਰ ਕਾਪੀਆਂ ਡਾਊਨਲੋਡ ਕਰਵਾਈਆਂ ਜਾਣ। ਇਹਨਾਂ ਵਿੱਚੋ ਇਕ ਪਰਤ ਅਧਿਐਨ ਕੇਂਦਰ ਆਪਣੇ ਕੋਲ ਅਤੇ ਦੋ ਪਰਤਾਂ ਲੋੜੀਂਦੇ ਦਸਤਾਵੇਜ਼ਾਂ ਸਮੇਤ ਬੋਰਡ ਦੀ ਓਪਨ ਸਕੂਲ ਸ਼ਾਖਾ ਨੂੰ ਭੇਜੇਗਾ। ਇੱਕ ਪਰਤ ਵਿਦਿਆਰਥੀ ਨੂੰ ਦਿੱਤੀ ਜਾਵੇ। **ਦਾਖਲਾ ਫਾਰਮ ਭੇਜਣ ਤੋਂ ਪਹਿਲਾਂ ਦਸਤਾਵੇਜ਼ਾਂ ਦੀ ਪੜਤਾਲ ਕਰ ਲਈ ਜਾਵੇ।**

2.8 ਅਧਿਐਨ ਕੇਂਦਰ ਵਿੱਚ ਦਾਖਲ ਹੋਏ ਵਿਦਿਆਰਥੀਆਂ ਦੇ ਵੇਰਵੇ ਪ੍ਰਤੀਦਿਨ ਅਧਿਐਨ ਕੇਂਦਰ ਦੀ ਲਾਗ-ਇਨ ਆਈ.ਡੀ. 'ਤੇ ਉਪਲਬਧ ਕਰਵਾ ਦਿੱਤੇ ਜਾਣਗੇ। ਇਸ ਸੂਚੀ ਅਨੁਸਾਰ ਹਰ ਅਧਿਐਨ ਕੇਂਦਰ ਪ੍ਰਬੰਧਕ ਆਪਣੇ ਕੇਂਦਰ ਅਧੀਨ ਦਾਖਲ ਹੋਏ ਵਿਦਿਆਰਥੀਆਂ ਦੇ ਦਾਖਲਾ ਫਾਰਮ ਇੱਕਠੇ ਕਰਕੇ, ਯੋਗਤਾ (ਅਸਲ ਦਸਤਾਵੇਜ਼ਾਂ ਤੋਂ) ਪੜਤਾਲ ਕਰਨ ਉਪਰੰਤ, ਸਬੰਧਤ ਦਸਤਾਵੇਜ਼ਾਂ ਸਮੇਤ ਨਿਰਧਾਰਤ ਮਿਤੀਆਂ ਅਨੁਸਾਰ ਓਪਨ ਸਕੂਲ ਸ਼ਾਖਾ ਵਿੱਚ ਜਾਂ ਸਬੰਧਤ ਜ਼ਿਲ੍ਹੇ ਦੇ ਖੇਤਰੀ ਦਫ਼ਤਰ ਵਿੱਚ ਜਮ੍ਹਾਂ ਕਰਵਾਏਗਾ।

2.9 ਵਿਦਿਆਰਥੀ ਵੱਲੋਂ ਦਾਖਲਾ ਫਾਰਮ ਵਿੱਚ ਭਰੇ ਸਾਰੇ ਤੱਥਾਂ ਨੂੰ ਚੰਗੀ ਤਰ੍ਹਾਂ ਪੜਤਾਲ ਲਿਆ ਜਾਵੇ, ਜਿਵੇਂ ਕਿ ਵਿਦਿਆਰਥੀ ਦਾ ਨਾਂ, ਮਾਤਾ/ਪਿਤਾ ਦਾ ਨਾਂ, ਜਨਮ ਮਿਤੀ ਆਦਿ। ਕਰੈਡਿਟ ਕੈਰੀ ਦਾ ਲਾਭ ਲੈ ਰਹੇ ਵਿਦਿਆਰਥੀਆਂ ਦੇ ਦਾਖਲਾ ਫਾਰਮ ਵਿੱਚ, ਜਿਸ ਸਰਟੀਫ਼ਿਕੇਟ ਦੇ ਆਧਾਰ ਤੇ ਕਰੈਡਿਟ ਕੈਰੀ ਦਾ ਲਾਭ ਲੈਣਾ ਹੈ, ਉਸ ਦਾ ਰੋਲ ਨੰਬਰ, ਸੈਸ਼ਨ ਆਦਿ, ਖਾਸ ਕਰਕੇ ਪੜਤਾਲ ਲਿਆ ਜਾਵੇ ਅਤੇ ਉਸਦੀ ਤਸਦੀਕ ਸ਼ੁਦਾ ਫੋਟੋ ਕਾਪੀ ਫਾਰਮ ਨਾਲ ਜ਼ਰੂਰ ਭੇਜੀ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਕਰੈਡਿਟ ਕੈਰੀ ਦਾ ਲਾਭ ਨਹੀਂ ਦਿੱਤਾ ਜਾਵੇਗਾ।

2.10 ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਯੋਗਤਾ/ਪਾਤਰਤਾ ਸਬੰਧੀ ਸਰਟੀਫ਼ਿਕੇਟ ਪੂਰੀ ਤਰ੍ਹਾਂ ਪੜਤਾਲ ਕਰਕੇ ਤਸਦੀਕ ਕੀਤੇ ਜਾਣ। ਜਨਮ ਮਿਤੀ ਦਾ ਸਬੂਤ ਸਿਰਫ ਪ੍ਰਾਸਪੈਕਟਸ ਵਿੱਚ ਦਰਜ ਹਦਾਇਤਾਂ ਅਨੁਸਾਰ ਹੀ ਮੰਨਣ ਯੋਗ ਹੋਵੇਗਾ।

2.11 ਯੋਗਤਾ ਸੰਬੰਧੀ ਕਿਸੇ ਤਰ੍ਹਾਂ ਦੀ ਗਲਤ ਬਿਆਨੀ ਵਿਦਿਆਰਥੀ, ਸਮਾਜ ਅਤੇ ਓਪਨ ਸਕੂਲ ਦੇ ਉਦੇਸ਼ ਨੂੰ ਢਾਹ ਲਾ ਸਕਦੀ ਹੈ। ਜੇਕਰ ਕੋਈ ਤੱਥ, ਤਰੁੱਟੀ ਜਾਂ ਕੋਈ ਦਸਤਾਵੇਜ਼ ਗਲਤ ਲਗਾਏ ਜਾਂਦੇ ਹਨ ਤਾਂ ਇਸ ਲਈ ਸਮੁੱਚੀ ਜ਼ਿੰਮੇਵਾਰੀ ਵਿਦਿਆਰਥੀ/ਸਕੂਲ ਮੁਖੀ/ਅਧਿਐਨ ਕੇਂਦਰ ਕੋਆਰਡੀਨੇਟਰ ਦੀ ਹੋਵੇਗੀ। ਇਸ ਪੱਧਰ ਤੇ ਕਿਸੀ ਕੁਤਾਹੀ ਦੀ ਸੂਰਤ ਵਿੱਚ, ਇਹਨਾਂ ਅਗਵਾਈ ਲੀਹਾਂ ਦੀਆਂ ਹਦਾਇਤਾਂ ਦੇ ਲੜੀ ਨੰ. 8 (ਸਜ਼ਾ ਤੇ ਜ਼ੁਰਮਾਨਾ) ਮੁਤਾਬਕ ਕਾਰਵਾਈ ਕੀਤੀ ਜਾ ਸਕਦੀ ਹੈ।

2.12 ਓਪਨ ਸਕੂਲ ਪ੍ਰਣਾਲੀ ਅਧੀਨ ਇੱਕ ਵਾਰ ਦਾਖਲਾ ਲੈ ਚੁੱਕਾ ਵਿਦਿਆਰਥੀ ਜਦੋਂ ਤੱਕ ਪ੍ਰੀਖਿਆ ਪਾਸ ਨਹੀਂ ਕਰ ਲੈਂਦਾ ਜਾਂ ਪਾਸ ਹੋਣ ਲਈ ਰੀਅਪੀਅਰ ਲਈ ਦਿੱਤੇ ਸਾਰੇ ਮੌਕੇ ਸਮਾਪਤ ਨਹੀਂ ਕਰ ਲੈਂਦਾ ਜਾਂ ਉਸ ਨੂੰ ਫੇਲ੍ਹ ਐਲਾਨ ਨਹੀਂ ਕਰ ਦਿੱਤਾ ਜਾਂਦਾ ਉਦੋਂ ਤੱਕ **ਉਸਦਾ ਰੀਅਪੀਅਰ ਦਾ ਪ੍ਰੀਖਿਆ ਫਾਰਮ ਅਧਿਐਨ ਕੇਂਦਰ ਦੇ ਮੁਖੀ ਵਲੋਂ ਤਸਦੀਕ ਕੀਤਾ ਜਾਵੇਗਾ।** ਹੋਰ ਕਿਸੇ ਅਧਿਐਨ ਕੇਂਦਰ ਮੁਖੀ ਦੁਆਰਾ ਤਸਦੀਕ ਫਾਰਮ ਮੰਨਣ ਯੋਗ ਨਹੀਂ ਹੋਵੇਗਾ।

2.13 **ਅਧਿਐਨ ਕੇਂਦਰ ਦੀ ਜ਼ਿੰਮੇਵਾਰੀ ਹੈ ਕਿ ਉਹ ਬੋਰਡ ਦੁਆਰਾ ਨਿਰਧਾਰਿਤ ਸ਼ਡਿਊਲ ਅਨੁਸਾਰ ਆਪਣੇ ਅਧਿਐਨ ਕੇਂਦਰ ਵਿੱਚ ਪੀ.ਸੀ.ਪੀ ਲਗਾਉਣਗੇ। ਬੋਰਡ ਅਧਿਕਾਰੀਆਂ ਵਲੋਂ ਪੀ.ਸੀ.ਪੀ. ਦੌਰਾਨ ਕਿਸੇ ਵੀ ਸਮੇਂ ਚੈਕਿੰਗ ਕੀਤੀ ਜਾ ਸਕਦੀ ਹੈ ਅਤੇ ਦਾਖਲ ਹੋਏ ਵਿਦਿਆਰਥੀਆਂ ਨਾਲ ਸੰਪਰਕ ਕਰਕੇ ਉਨ੍ਹਾਂ ਤੋਂ feedback ਵੀ ਲਈ ਜਾ ਸਕਦੀ ਹੈ।**

2.14 ਦਾਖਲਾ ਅਤੇ ਪ੍ਰੀਖਿਆ ਫ਼ੀਸ ਭਰਨ ਉਪਰੰਤ ਫਾਰਮ, ਪ੍ਰੀਖਿਆਰਥੀ ਦੇ ਪੂਰੇ ਦਸਤਾਵੇਜ਼ਾਂ ਸਮੇਤ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਓਪਨ ਸਕੂਲ ਸ਼ਾਖਾ ਵਿੱਚ ਜਾਂ ਸਬੰਧਤ ਜ਼ਿਲ੍ਹੇ ਦੇ ਖੇਤਰੀ ਦਫ਼ਤਰ ਵਿੱਚ ਜਮ੍ਹਾਂ ਕਰਵਾਏ ਜਾਣਗੇ।

2.15 ਬਾਹਰਲੇ ਬੋਰਡਾਂ ਤੋਂ ਦਾਖਲ ਹੋਏ ਵਿਦਿਆਰਥੀਆਂ ਦੇ ਸਮਾਨਤਾ ਪੱਤਰ ਅਧਿਐਨ ਕੇਂਦਰਾਂ ਵੱਲੋਂ ਬੋਰਡ ਤੋਂ ਇੱਕਠੇ ਪ੍ਰਾਪਤ ਕਰਕੇ ਸਬੰਧਤ ਪ੍ਰੀਖਿਆ ਸ਼ਾਖਾ ਵਿੱਚ ਜਮ੍ਹਾਂ ਕਰਵਾਏ ਜਾਣਗੇ।

2.16 ਬੋਰਡ ਵਿੱਚ ਪਹਿਲੀ ਵਾਰ ਦਾਖਲ ਹੋਏ ਵਿਦਿਆਰਥੀਆਂ ਦੇ ਰਜਿਸਟ੍ਰੇਸ਼ਨ ਨੰਬਰ ਸਬੰਧਤ ਪ੍ਰੀਖਿਆ ਸ਼ਾਖਾ ਵੱਲੋਂ ਯੋਗਤਾ ਚੈੱਕ ਕਰਨ ਉਪਰੰਤ ਲਗਾਏ ਜਾਣਗੇ।

2.17 ਵਿਦਿਆਰਥੀ ਦੇ ਦਾਖਲਾ ਫਾਰਮ ਵਿੱਚ ਰਹਿ ਗਈਆਂ ਤਰੁੱਟੀਆਂ ਨੂੰ ਦੂਰ ਕਰਨ ਲਈ ਪ੍ਰੀਖਿਆ ਸ਼ਾਖਾਵਾਂ ਨਾਲ ਸੰਪਰਕ ਕੀਤਾ ਜਾਵੇ।

2.18 ਬੋਰਡ ਵੱਲੋਂ ਨਿਰਧਾਰਿਤ ਮਿਤੀਆਂ ਅਨੁਸਾਰ ਟਾਈਮ ਟੇਬਲ ਬਣਾ ਕੇ ਸਮੇਂ ਸਿਰ ਵਿਅਕਤੀਗਤ ਸੰਪਰਕ ਪ੍ਰੋਗਰਾਮ (ਪੀ.ਸੀ.ਪੀ.) ਦਾ ਪ੍ਰਬੰਧ ਕਰਨਾ ਅਤੇ ਇਸ ਅਨੁਸਾਰ ਸੂਚਨਾ ਵਿਦਿਆਰਥੀਆਂ ਨੂੰ ਦੇਣ ਦੇ ਨਾਲ-ਨਾਲ ਸਕੂਲ ਦੇ ਨੋਟਿਸ ਬੋਰਡ ਤੇ ਲਗਾਉਣਾ ਅਧਿਐਨ ਕੇਂਦਰ ਦੀ ਜ਼ਿੰਮੇਵਾਰੀ ਹੋਵੇਗੀ।

2.19 ਵਿਅਕਤੀਗਤ ਸੰਪਰਕ ਪ੍ਰੋਗਰਾਮ ਲਗਾਉਣ ਤੋਂ ਪੰਦਰਾਂ ਦਿਨ ਪਹਿਲਾਂ ਟਾਈਮ ਟੇਬਲ ਦੀ ਕਾਪੀ ਅਤੇ ਪੀ.ਸੀ.ਪੀ. ਦੌਰਾਨ ਵਿਦਿਆਰਥੀਆਂ ਨੂੰ ਅਗਵਾਈ ਦੇਣ ਵਾਲੇ ਅਧਿਆਪਕਾਂ ਦੀ ਸੂਚੀ ਓਪਨ ਸਕੂਲ ਸ਼ਾਖਾ ਨੂੰ ਵੀ ਭੇਜੀ ਜਾਵੇ।

2.20 ਵਿਅਕਤੀਗਤ ਸੰਪਰਕ ਪ੍ਰੋਗਰਾਮ ਦੌਰਾਨ ਆਂਤਰਿਕ ਮੁਲਾਂਕਣ ਟੈਸਟ ਅਤੇ ਪ੍ਰੀ-ਬੋਰਡ ਟੈਸਟ ਦਾ ਪ੍ਰਬੰਧ ਕੀਤਾ ਜਾਵੇ ਅਤੇ ਵਿਦਿਆਰਥੀਆਂ ਦੀ ਪ੍ਰਾਪਤੀ ਦਾ ਯੋਗ ਰਿਕਾਰਡ ਰੱਖਿਆ ਜਾਵੇ।

2.21 ਆਂਤਰਿਕ ਮੁਲਾਂਕਣ ਟੈਸਟ ਅਤੇ ਪ੍ਰੀ-ਬੋਰਡ ਪ੍ਰੀਖਿਆ/ਟੈਸਟ ਪੱਤਰੀਆਂ ਦਾ ਮੁਲਅੰਕਣ ਕਰਨ ਉਪਰੰਤ ਵਿਦਿਆਰਥੀਆਂ ਨੂੰ ਅਗਵਾਈ ਦਿੰਦੇ ਹੋਏ ਉੱਤਰ ਪੱਤਰੀਆਂ ਦਾ ਰਿਕਾਰਡ ਸਬੰਧਤ ਅਧਿਐਨ ਕੇਂਦਰ ਵੱਲੋਂ ਰੱਖਿਆ ਜਾਵੇ।

2.22 ਦਾਖਲ ਹੋਏ ਵਿਦਿਆਰਥੀਆਂ ਨੂੰ ਲਾਇਬਰੇਰੀ/ਪ੍ਰਯੋਗਸ਼ਾਲਾ ਅਤੇ ਕੋਈ ਵੀ ਹੋਰ ਲੋੜੀਂਦਾ ਸਹਿਯੋਗ ਅਤੇ ਅਗਵਾਈ ਦਿੱਤੀ ਜਾਵੇ।

2.23 ਪ੍ਰਯੋਗੀ ਵਿਸ਼ਿਆਂ ਦੇ ਪ੍ਰਯੋਗ ਕਰਵਾਉਣਾ ਅਤੇ ਉਹਨਾਂ ਦੀਆਂ ਕਾਪੀਆਂ ਆਦਿ ਦੀ ਤਿਆਰੀ ਵੀ ਕਰਵਾਈ ਜਾਵੇ।

2.24 ਬੋਰਡ ਵੱਲੋ ਸਮੇਂ-ਸਮੇਂ ਜਾਰੀ ਹਦਾਇਤਾਂ ਸਬੰਧੀ ਵਿਦਿਆਰਥੀਆਂ ਨੂੰ ਜਾਣਕਾਰੀ ਦੇਣਾ ਅਤੇ ਲੋੜੀਂਦੀ ਸੂਚਨਾ ਅਧਿਐਨ ਕੇਂਦਰ ਦੇ ਨੋਟਿਸ ਬੋਰਡ ਤੇ ਲਗਾਉਣਾ ਵੀ ਅਧਿਐਨ ਕੇਂਦਰ ਦੀ ਹੀ ਜ਼ਿੰਮੇਵਾਰੀ ਹੋਵੇਗੀ।

2.25 ਵਿਦਿਆਰਥੀ ਨੂੰ ਉਸੇ ਜ਼ਿਲ੍ਹੇ ਵਿੱਚ ਸਥਿਤ ਅਧਿਐਨ ਕੇਂਦਰ ਵਿੱਚ ਦਾਖਲਾ ਦਿੱਤਾ ਜਾਵੇਗਾ ਜਿਸ ਜ਼ਿਲ੍ਹੇ ਦਾ ਉਹ ਵਸਨੀਕ ਹੈ।

2.26 ਜੇਕਰ ਕਿਸੇ ਵਿਸ਼ੇਸ਼ ਹਾਲਾਤਾਂ ਕਰਕੇ ਵਿਦਿਆਰਥੀ ਵੱਲੋਂ ਅਧਿਐਨ ਕੇਂਦਰ ਬਦਲਿਆ ਜਾਂਦਾ ਹੈ ਤਾਂ ਵਿਸ਼ੇਸ਼ ਕਾਰਨ ਦੱਸਦੇ ਹੋਏ ਪੁਖਤਾ ਦਸਤਾਵੇਜ਼ਾਂ ਦੇ ਅਧਾਰ ਤੇ ਦਫਤਰ ਵੱਲੋਂ ਨਿਰਧਾਰਤ ਮਿਤੀ ਤੋਂ ਬਾਅਦ 500/- ਰੁ: ਪ੍ਰਤੀ ਵਿਦਿਆਰਥੀ ਅਧਿਐਨ ਕੇਂਦਰ ਬਦਲੀ ਫੀਸ ਨਾਲ ਦਾਖਲਾ ਫਾਰਮ ਭਰਨ ਤੋਂ ਬਾਅਦ 15 ਦਿਨਾਂ ਦੇ ਅੰਦਰ-ਅੰਦਰ ਦਫਤਰ ਨੂੰ ਸੂਚਿਤ ਕੀਤਾ ਜਾਵੇਗਾ ਅਤੇ ਇਸ ਉਪਰੰਤ ਕਿਸੇ ਵੀ ਬਿਨੈ ਪੱਤਰ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ ਜਿਸ ਦੀ ਸਾਰੀ ਜਿੰਮੇਵਾਰੀ ਸਬੰਧਤ ਅਧਿਐਨ ਕੇਂਦਰ ਦੀ ਹੋਵੇਗੀ। ਇਸ ਤੋਂ ਇਲਾਵਾ ਸਮੇਂ-ਸਮੇਂ ਤੇ ਸਮਰਥ ਅਥਾਰਟੀ ਦੀ ਪ੍ਰਵਾਨਗੀ ਅਨੁਸਾਰ ਲੋੜੀਂਦੀ ਸੋਧ ਕੀਤੀ ਜਾ ਸਕਦੀ ਹੈ।

ਨੋਟ: **ਅਧਿਐਨ ਕੇਂਦਰ ਵੱਲੋਂ ਯਕੀਨੀ ਬਣਾਇਆ ਜਾਵੇ ਕਿ ਵਿਦਿਆਰਥੀ ਆਪਣੇ ਦਾਖਲਾ ਫਾਰਮ ਵਿੱਚ ਆਪਣਾ ਖੁਦ ਦਾ ਸਹੀ ਫੋਨ ਨੰਬਰ ਭਰਨਾ ਸੁਨਿਸ਼ਚਿਤ ਕਰੇਗਾ। ਜੇਕਰ ਕਿਸੇ ਵੀ ਪੱਧਰ ਤੇ ਵਿਦਿਆਰਥੀ ਦਾ ਸਹੀ ਫੋਨ ਨੰਬਰ ਉਪਲਬਧ ਨਹੀਂ ਹੁੰਦਾ ਤਾਂ ਉਸ ਵਿਦਿਆਰਥੀ ਦਾ ਪ੍ਰੀਖਿਆ ਫਾਰਮ/ਪ੍ਰੀਖਿਆ ਰੱਦ ਕੀਤੀ ਜਾਵੇਗੀ ਅਤੇ ਉਸ ਵੱਲੋਂ ਅਦਾ ਕੀਤੀ ਫੀਸ ਬੋਰਡ ਵੱਲੋਂ ਰਿਫੰਡ ਨਹੀਂ ਕੀਤੀ ਜਾਵੇਗੀ।**

**ਸੰਬੰਧਤ ਜ਼ਿਲ੍ਹੇ ਦੇ ਵਸਨੀਕ ਹੋਣ ਵਜੋਂ ਅੱਗੇ ਦਿੱਤੇ ਦਸਤਾਵੇਜ਼ ਮੰਨਣਯੋਗ ਹੋਣਗੇ:-**

(ੳ) ਵਿਦਿਆਰਥੀ ਦਾ ਆਪਣਾ ਆਧਾਰ ਕਾਰਡ (ਲਾਜਮੀ)।

(ਅ) ਵਿਦਿਆਰਥੀ ਦਾ ਵੋਟਰ ਕਾਰਡ ਜਾਂ ਪਾਸਪੋਰਟ।

(ੲ) ਉਸ ਸਰਕਾਰੀ/ਅਰਧ ਸਰਕਾਰੀ ਅਦਾਰੇ ਦੁਆਰਾ ਜਾਰੀ ਸ਼ਨਾਖਤੀ ਕਾਰਡ ਜਾਂ ਸਮਰੱਥ ਅਧਿਕਾਰੀ ਦੁਆਰਾ ਜਾਰੀ ਸਰਟੀਫ਼ਿਕੇਟ ਜਿੱਥੇ ਵਿਦਿਆਰਥੀ ਨੌਕਰੀ ਕਰਦਾ ਹੋਵੇ।

(ਸ) ਮਾਪਿਆਂ ਦਾ ਜਾਂ ਆਪਣਾ ਪੱਕੇ ਪਤੇ ਦਾ ਹਲਫੀਆ ਬਿਆਨ ਪੱਕੇ ਕਾਗਜ਼ ਉੱਤੇ ਜੋ ਸਬੰਧਿਤ ਪਿੰਡ ਦੇ ਸਰਪੰਚ, ਨਗਰਪਾਲਿਕਾ ਜਾਂ ਨਗਰ ਦੇ ਕੌਂਸਲਰ ਆਦਿ ਦੁਆਰਾ ਤਸਦੀਕ ਸ਼ੁਦਾ ਹੋਵੇ।

(ਹ) ਕਿਸੇ ਸਰਕਾਰੀ/ਅਰਧ ਸਰਕਾਰੀ ਅਦਾਰੇ ਦੁਆਰਾ ਜਾਰੀ ਦਸਤਾਵੇਜ਼ ਜਿਸ ਉਤੇ ਵਿਦਿਆਰਥੀ ਦੇ ਮਾਪਿਆਂ/ਸਰਪਰੱਸਤ ਦਾ ਪਤਾ ਦਰਜ ਹੋਵੇ।

2.27 ਵਿਦਿਆਰਥੀਆਂ ਨੂੰ ਸ਼ਨਾਖਤੀ ਕਾਰਡ, ਪ੍ਰੀਖਿਆ ਲਈ ਰੋਲ ਨੰਬਰ, ਨਤੀਜਾ ਕਾਰਡ, ਸਰਟੀਫ਼ਿਕੇਟਾਂ ਆਦਿ ਦੀ ਵੰਡ ਕਰਨਾ ਅਤੇ ਰਿਕਾਰਡ ਰੱਖਣਾ ਅਧਿਐਨ ਕੇਂਦਰ ਵੱਲੋਂ ਯਕੀਨੀ ਬਣਾਇਆ ਜਾਵੇ।

2.28 ਸ਼ਨਾਖਤੀ ਕਾਰਡ ਡਾਊਨਲੋਡ ਕਰਨ ਉਪਰੰਤ ਅਧਿਐਨ ਕੇਂਦਰ ਦੇ ਮੁਖੀ ਵੱਲੋਂ ਤਸਦੀਕ ਕਰਕੇ ਵਿਦਿਆਰਥੀ ਨੂੰ ਦਿੱਤਾ ਜਾਵੇ ਤਾਂ ਜੋ ਉਸ ਦੇ ਦਾਖਲੇ ਸਬੰਧੀ ਪੁਸ਼ਟੀ ਹੋ ਸਕੇ।

2.29 ਓਪਨ ਸਕੂਲ ਦੇ ਵਿਦਿਆਰਥੀਆਂ ਲਈ ਵੱਖਰੇ ਤੌਰ 'ਤੇ ਦਾਖਲਾ ਖਾਰਜ ਰਜਿਸਟਰ ਤਿਆਰ ਕੀਤਾ ਜਾਵੇ। ਇਸ ਵਿੱਚ ਵਿਦਿਆਰਥੀ ਦੇ ਪੂਰੇ ਵੇਰਵੇ ਦਰਜ ਹੋਣ। ਹਰ ਸਾਲ ਨਵੇਂ ਦਾਖਲ ਵਿਦਿਆਰਥੀਆਂ ਦਾ ਇੰਦਰਾਜ ਪਿਛਲੇ ਸਾਲ ਦਾਖਲ ਵਿਦਿਆਰਥੀਆਂ ਦੀ ਲਗਾਤਾਰਤਾ ਵਿੱਚ ਕੀਤਾ ਜਾਵੇ। ਇਹ ਰਿਕਾਰਡ ਕਿਸੇ ਵੀ ਸਮੇਂ ਦਫ਼ਤਰ ਵੱਲੋਂ ਚੈੱਕ ਕੀਤਾ ਜਾ ਸਕਦਾ ਹੈ। ਓਪਨ ਸਕੂਲ ਦੇ ਲੋੜਵੰਦ ਵਿਦਿਆਰਥੀਆਂ ਦਾ ਸਕੂਲ ਛੱਡਣ ਦਾ ਸਰਟੀਫਿਕੇਟ ਜ਼ਿਲ੍ਹਾ ਮੈਨੇਜਰ, ਖੇਤਰੀ ਦਫ਼ਤਰ ਜਾਂ ਉਪ ਸਕੱਤਰ (ਅਕਾਦਮਿਕ) ਵੱਲੋਂ ਪ੍ਰਤੀ-ਹਸਤਾਖਰ ਕੀਤਾ ਜਾਵੇਗਾ। ਜੇਕਰ ਕਿਸੇ ਵਿਦਿਆਰਥੀ ਨੂੰ ਸਕੂਲ ਛੱਡਣ ਦਾ ਸਰਟੀਫਿਕੇਟ (School leaving certificate) ਲੋੜੀਂਦਾ ਹੋਵੇ ਤਾਂ ਸਬੰਧਤ ਅਧਿਐਨ ਕੇਂਦਰ ਵੱਲੋਂ ਵਿਦਿਆਰਥੀਆਂ ਦੁਆਰਾ ਲਗਾਏ ਗਏ ਪੀ.ਸੀ.ਪੀ. ਅਨੁਸਾਰ ਜਾਰੀ ਕੀਤਾ ਜਾਵੇਗਾ।

2.30 ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਵਿੱਚ ਦਾਖਲ ਹੋਏ ਵਿਦਿਆਰਥੀਆਂ ਦੇ ਦਾਖਲਾ ਖਾਰਜ ਰਜਿਸਟਰ ਵਿੱਚ ਕਿਸੇ ਕਿਸਮ ਦੀ ਸੋਧ ਕਰਨ ਲਈ ਅਧਿਐਨ ਕੇਂਦਰ ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫਸਰ ਤੋਂ (ਸਰਕਾਰੀ ਅਤੇ ਏਡਿਡ ਸਕੂਲ) ਜਾਂ ਮੈਨੇਜਰ ਖੇਤਰੀ ਦਫ਼ਤਰ ਤੋਂ (ਪ੍ਰਾਈਵੇਟ, ਐਫੀਲੀਏਟਿਡ ਅਤੇ ਆਦਰਸ਼ ਸਕੂਲ) ਦਾਖਲ ਖਾਰਜ ਰਜਿਸਟਰ ਤੇ ਕਾਊਂਟਰ ਸਾਈਨ ਕਰਵਾਉਣਗੇ।

2.31 ਓਪਨ ਸਕੂਲ ਪ੍ਰਣਾਲੀ ਅਧੀਨ ਦਾਖਲਾ ਦੇਣ ਵਾਲੇ ਅਧਿਐਨ ਕੇਂਦਰ ਕਿਸੇ ਵੀ ਹੋਰ ਪ੍ਰਾਈਵੇਟ ਸੰਸਥਾ/ਅਕੈਡਮੀ/ਪ੍ਰਾਈਵੇਟ ਅਧਿਆਪਕ ਵੱਲੋਂ ਕਰਵਾਏ ਗਏ ਦਾਖਲੇ ਨੂੰ ਇੰਟਰਟੇਨ ਕਰਦੇ ਹਨ ਤਾਂ ਉਨ੍ਹਾਂ ਦੇ ਦਾਖਲੇ ਫੌਰਨ ਰੱਦ ਕਰ ਦਿੱਤੇ ਜਾਣਗੇ ਅਤੇ ਅਧਿਐਨ ਕੇਂਦਰ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

2.32 ਜੇਕਰ ਕਿਸੇ ਕਾਰਨ ਸਕੂਲ ਦੀ ਐਫੀਲਿਏਸ਼ਨ ਰੱਦ ਹੁੰਦੀ ਹੈ ਤਾਂ ਉਸਦੇ ਨਾਲ ਹੀ ਓਪਨ ਸਕੂਲ ਦੀ ਐਕਰੀਡਿਟੇਸ਼ਨ ਵੀ ਰੱਦ ਹੋਵੇਗੀ।

2.33 ਜੇਕਰ ਓਪਨ ਸਕੂਲ ਦਸਵੀਂ/ਬਾਰ੍ਹਵੀਂ ਸ਼੍ਰੇਣੀ ਦੇ ਕਿਸੀ ਵਿਦਿਆਰਥੀ ਦੀ ਰੀਅਪੀਅਰ ਆਉਂਦੀ ਹੈ ਅਤੇ ਉਹ ਪ੍ਰੀਖਿਆਰਥੀ ਰੀਅਪੀਅਰ ਦਾ ਲਾਭ ਨਹੀਂ ਲੈਣਾ ਚਾਹੁੰਦਾ ਅਤੇ ਮੁੜ ਦਸਵੀਂ/ਬਾਰ੍ਹਵੀਂ ਸ਼੍ਰੇਣੀ ਵਿੱਚ ਓਪਨ ਸਕੂਲ ਪ੍ਰਣਾਲੀ ਅਧੀਨ ਦਾਖਲਾ ਲੈਣਾ ਚਾਹੁੰਦਾ ਹੈ ਤਾਂ ਉਹ ਵਿਦਿਆਰਥੀ ਦਸਵੀਂ/ਬਾਰਵੀਂ ਸ਼੍ਰੇਣੀ ਦਾ ਨਤੀਜਾ ਘੋਸ਼ਿਤ ਹੋਣ ਉਪਰੰਤ ਦਾਖਲੇ ਦੀ ਅੰਤਿਮ ਮਿਤੀ ਤੱਕ ਆਪਣਾ ਪਹਿਲਾ ਨਤੀਜਾ ਸਬੰਧਤ ਪ੍ਰੀਖਿਆ ਸ਼ਾਖਾ ਤੋਂ ਰੱਦ ਕਰਵਾਉਣ ਉਪਰੰਤ ਇਸ ਸਬੰਧੀ ਸਵੈ-ਘੋਸ਼ਣਾ ਪੱਤਰ ਦੇ ਕੇ ਮੁੜ ਦਾਖਲਾ ਲੈ ਸਕੇਗਾ। ਇਹ ਮੌਕਾ ਉਸ ਨੂੰ ਕੇਵਲ ਪਹਿਲੀ ਵਾਰ ਰੀਅਪੀਅਰ ਆਉਣ ਦੀ ਸੂਰਤ ਵਿੱਚ ਦਿੱਤਾ ਜਾਵੇਗਾ।

2.34 ਜੇਕਰ ਓਪਨ ਸਕੂਲ ਦਸਵੀਂ/ਬਾਰ੍ਹਵੀਂ ਸ਼੍ਰੇਣੀ ਦੇ ਕਿਸੀ ਵਿਦਿਆਰਥੀ ਦੀ ਰੀਅਪੀਅਰ ਆਉਂਦੀ ਹੈ ਅਤੇ ਉਹ ਪ੍ਰੀਖਿਆਰਥੀ ਰੀਅਪੀਅਰ ਦਾ ਲਾਭ ਨਹੀਂ ਲੈਣਾ ਚਾਹੁੰਦਾ ਅਤੇ ਮੁੜ ਦਸਵੀਂ/ਬਾਰ੍ਹਵੀਂ ਸ਼੍ਰੇਣੀ ਵਿੱਚ ਓਪਨ ਸਕੂਲ ਪ੍ਰਣਾਲੀ ਅਧੀਨ ਦਾਖਲਾ ਲੈਣਾ ਚਾਹੁੰਦਾ ਹੈ ਤਾਂ ਉਹ ਵਿਦਿਆਰਥੀ ਦਸਵੀਂ/ਬਾਰਵੀਂ ਸ਼੍ਰੇਣੀ ਦਾ ਨਤੀਜਾ ਘੋਸ਼ਿਤ ਹੋਣ ਉਪਰੰਤ ਦਾਖਲੇ ਦੀ ਅੰਤਿਮ ਮਿਤੀ ਤੱਕ ਆਪਣਾ ਪਹਿਲਾ ਨਤੀਜਾ ਸਬੰਧਤ ਪ੍ਰੀਖਿਆ ਸ਼ਾਖਾ ਤੋਂ ਰੱਦ ਕਰਵਾਉਣ ਉਪਰੰਤ ਇਸ ਸਬੰਧੀ ਸਵੈ-ਘੋਸ਼ਣਾ ਪੱਤਰ ਦੇ ਕੇ ਮੁੜ ਦਾਖਲਾ ਲੈ ਸਕੇਗਾ। ਇਹ ਮੌਕਾ ਉਸ ਨੂੰ ਪਹਿਲੀ ਵਾਰ ਰੀਅਪੀਅਰ ਆਉਣ ਦੀ ਸੂਰਤ ਵਿੱਚ ਦਿੱਤਾ ਜਾਵੇਗਾ ਬਸ਼ਰਤੇ ਉਹਨਾਂ ਵਿਦਿਆਰਥੀਆਂ ਨੇ ਨੌਵੀਂ/ਗਿਆਰਵੀਂ ਸ਼੍ਰੇਣੀ ਰੈਗੂਲਰ ਤੌਰ ਤੇ ਪਾਸ ਕੀਤੀ ਹੋਵੇ। ਇਹ ਮੌਕਾ ਉਸ ਨੂੰ ਕੇਵਲ ਪਹਿਲੀ ਵਾਰ ਰੀਅਪੀਅਰ ਆਉਣ ਦੀ ਸੂਰਤ ਵਿੱਚ ਦਿੱਤਾ ਜਾਵੇਗਾ।

## 3 ਪਾਠ-ਪੁਸਤਕਾਂ ਸਬੰਧੀ

ਆਨਲਾਈਨ ਦਾਖਲਾ ਪੋਰਟਲ ਤੇ ਵਿਦਿਆਰਥੀਆਂ ਵੱਲੋਂ ਲਏ ਗਏ ਵਿਸ਼ਿਆਂ ਸਬੰਧੀ ਈ-ਬੁੱਕਸ ਦੇ ਲਿੰਕ ਵਿਦਿਆਰਥੀ ਦੀ ਲਾਗ-ਇਨ ਆਈ.ਡੀ. ਤੇ ਅਪਲੋਡ ਕੀਤੇ ਜਾਂਦੇ ਹਨ। ਲੋੜ ਅਨੁਸਾਰ ਪਾਠ-ਪੁਸਤਕਾਂ ਦੀ ਹਾਰਡ ਕਾਪੀ ਅਧਿਐਨ ਕੇਂਦਰ ਰਾਹੀਂ ਬੋਰਡ ਦੇ ਜਿਲ੍ਹਾ ਖੇਤਰੀ ਦਫਤਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

## 4. ਵਿਅਕਤੀਗਤ ਸੰਪਰਕ ਪ੍ਰੋਗਰਾਮ (ਪੀ.ਸੀ.ਪੀ.)

ਨੋਟ : ਵਿਅਕਤੀਗਤ ਸੰਪਰਕ ਪ੍ਰੋਗਰਾਮ ਵਿੱਚ ਹਾਜ਼ਰੀ ਸਮੇਂ ਵਿਦਿਆਰਥੀਆਂ ਕੋਲ ਸ਼ਨਾਖ਼ਤੀ ਕਾਰਡ ਦਾ ਹੋਣਾ ਲਾਜ਼ਮੀ ਹੈ ਤੇ ਇਹ ਯਕੀਨੀ ਬਣਾਇਆ ਜਾਵੇ।

4.1 ਇੱਕ ਅਕਾਦਮਿਕ ਸਾਲ ਵਿੱਚ ਮੈਟ੍ਰਿਕੁਲੇਸ਼ਨ ਅਤੇ ਸੀਨੀਅਰ ਸੈਕੰਡਰੀ ਸ਼੍ਰੇਣੀਆਂ ਲਈ ਕੁੱਲ 30 (18+12) ਦਿਨ ਲਈ/ਪ੍ਰਤੀ ਵਿਸ਼ਾ ਪੀ. ਸੀ.ਪੀ. ਲਗਾਏ ਜਾਣ। ਪ੍ਰੈਕਟੀਕਲ ਵਾਲੇ ਵਿਸ਼ੇ ਲਈ 5 ਵਾਧੂ ਪੀ.ਸੀ.ਪੀ. ਲਗਾਏ ਜਾਣ।

4.2 **ਪਹਿਲਾ ਪੀ.ਸੀ.ਪੀ.ਸਤੰਬਰ (18 ਦਿਨ) ਅਤੇ ਦੂਜਾ ਪੀ.ਸੀ.ਪੀ. ਦਸੰਬਰ (12 ਦਿਨ)** ਆਪਣੀ ਸਹੂਲਤ ਅਨੁਸਾਰ ਸਕੂਲ ਸਮੇਂ ਦੌਰਾਨ ਜਾਂ ਸਕੂਲ ਸਮੇਂ ਤੋਂ ਬਾਅਦ ਲਗਾਏ ਜਾਣਗੇ। ਲੇਟ ਦਾਖਲ ਵਿਦਿਆਰਥੀਆਂ ਲਈ ਅਧਿਐਨ ਕੇਂਦਰ ਆਪਣੀ ਸੁਵਿਧਾ ਅਨੁਸਾਰ ਵਖਰਾ ਪੀ.ਸੀ.ਪੀ ਸ਼ਡਿਊਲ ਤਿਆਰ ਕਰਕੇ ਵਿਦਿਆਰਥੀਆਂ ਨੂੰ ਅਤੇ ਓਪਨ ਸਕੂਲ ਸ਼ਾਖਾ ਨੂੰ ਸੂਚਿਤ ਕਰਨ।

### 4.3 ਪੀ.ਸੀ.ਪੀ. ਦੌਰਾਨ ਕੀਤੇ ਜਾਣ ਵਾਲੇ ਕਾਰਜਾਂ ਦਾ ਵੇਰਵਾ

(ੳ) **ਪੀ.ਸੀ.ਪੀ. ਲਗਾਉਣ ਤੋਂ 15 ਦਿਨ ਪਹਿਲਾਂ ਟਾਈਮ ਟੇਬਲ ਦੀ ਕਾਪੀ ਅਤੇ ਪੀ. ਸੀ.ਪੀ. ਦੌਰਾਨ ਵਿਦਿਆਰਥੀਆਂ ਨੂੰ ਵਿੱਦਿਅਕ ਅਗਵਾਈ ਦੇਣ ਵਾਲੇ ਅਧਿਆਪਕਾਂ ਦੀ ਸੂਚੀ ਓਪਨ ਸਕੂਲ ਸ਼ਾਖਾ ਨੂੰ ਭੇਜੀ ਜਾਵੇ। ਦਾਖਲ ਵਿਦਿਆਰਥੀਆਂ ਨੂੰ ਪੀ.ਸੀ.ਪੀ.ਸਬੰਧੀ ਸੂਚਨਾ ਯੋਗਤਾ ਸਬੰਧੀ ਦਸਤਾਵੇਜ਼ ਪ੍ਰਾਪਤ ਕਰਨ ਸਮੇਂ ਹੀ ਦੇ ਦਿੱਤੀ ਜਾਵੇ ਅਤੇ ਸੈਕਸ਼ਨਵਾਰ, ਵਿਸ਼ਾਵਾਰ ਅਤੇ ਗਰੁੱਪ ਅਨੁਸਾਰ ਟਾਈਮ ਟੇਬਲ ਤਿਆਰ ਕਰਕੇ ਉਸ ਦੀ ਕਾਪੀ ਨੋਟਿਸ ਬੋਰਡ ਤੇ ਵੀ ਲਗਾਈ ਜਾਵੇ।**

(ਅ) ਪੀ.ਸੀ.ਪੀ.ਦੌਰਾਨ ਨਿਯਮਾਂ ਅਨੁਸਾਰ ਪ੍ਰਯੋਗੀ ਪ੍ਰੀਖਿਆ ਵਾਲੇ ਵਿਸ਼ਿਆਂ ਵਿੱਚ 75% ਅਤੇ ਬਾਕੀ ਸਾਰੇ ਵਿਸ਼ਿਆਂ ਵਿੱਚ 50% ਹਾਜ਼ਰੀਆਂ ਜ਼ਰੂਰੀ ਹਨ। ਹਾਜ਼ਰੀਆਂ ਪੂਰੀਆਂ ਨਾ ਕਰਨ ਕਾਰਨ ਅਯੋਗ ਕਰਾਰ ਦਿੱਤੇ ਜਾਣ ਵਾਲੇ ਵਿਦਿਆਰਥੀਆਂ ਦੀ ਸੂਚੀ ਪ੍ਰੋਫਾਰਮਾ ਨੰ: 1 ਰਾਹੀਂ ਬੋਰਡ ਦੀ ਓਪਨ ਸਕੂਲ ਸ਼ਾਖਾ ਨੂੰ ਜਾਰੀ ਅਕਾਦਮਿਕ ਸਾਲ ਦੀ 31 ਜਨਵਰੀ ਤੱਕ ਭੇਜੀ ਜਾਵੇ ਤਾਂ ਜੋ ਬੋਰਡ ਵੱਲੋਂ ਰੋਲ ਨੰਬਰ ਰੋਕਣ ਲਈ ਲੋੜੀਂਦੀ ਕਾਰਵਾਈ ਕੀਤੀ ਜਾ ਸਕੇ।

(ੲ) ਕਿਸੇ ਵਿਸ਼ੇਸ਼ ਹਾਲਤ ਵਿੱਚ ਹਾਜ਼ਰੀ ਸੰਬੰਧੀ ਛੋਟ ਲਈ ਪ੍ਰਤੀ ਬੇਨਤੀ ਅਧਿਐਨ ਕੇਂਦਰ ਵੱਲੋਂ ਉਪ ਸਕੱਤਰ (ਅਕਾਦਮਿਕ)/ਇੰਚਾਰਜ (ਓਪਨ ਸਕੂਲ), ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਭੇਜ ਕੇ ਪ੍ਰਵਾਨਗੀ ਲਈ ਜਾ ਸਕਦੀ ਹੈ।

(ਸ) ਪੀ.ਸੀ.ਪੀ.ਦੌਰਾਨ ਵਿਦਿਆਰਥੀਆਂ ਦੀਆਂ ਹਾਜ਼ਰੀਆਂ ਦਾ ਵਿਸ਼ਾਵਾਰ ਰਿਕਾਰਡ ਰੱਖਿਆ ਜਾਵੇ ਜਿਸ ਦੀ ਫੋਟੋਕਾਪੀ ਸੇਵਾਫ਼ਲ ਅਦਾਇਗੀ ਫਾਰਮ ਨਾਲ ਭੇਜੀ ਜਾਵੇ।

(ਹ) ਪੀ.ਸੀ.ਪੀ.ਦੌਰਾਨ ਵਿਦਿਆਰਥੀਆਂ ਦੇ ਬੈਠਣ ਅਤੇ ਹੋਰ ਯੋਗ ਪ੍ਰਬੰਧ ਕਰਨ ਦੀ ਸਾਰੀ ਜ਼ਿੰਮੇਵਾਰੀ ਅਧਿਐਨ ਕੇਂਦਰ ਦੀ ਹੋਵੇਗੀ।

(ਕ) ਵਿੱਦਿਅਕ ਅਗਵਾਈ ਦੇਣ ਲਈ ਇੱਕ ਸੈਕਸ਼ਨ ਵਿੱਚ ਵੱਧ ਤੋਂ ਵੱਧ 60 ਵਿਦਿਆਰਥੀਆਂ ਦਾ ਗਰੁੱਪ ਬਣਾ ਲਿਆ ਜਾਵੇ। ਪ੍ਰਯੋਗੀ ਕਾਰਜਾਂ ਲਈ ਇੱਕ ਗਰੁੱਪ ਵਿੱਚ ਵੱਧ ਤੋਂ ਵੱਧ 20 ਵਿਦਿਆਰਥੀ ਹੋ ਸਕਦੇ ਹਨ।

(ਖ) **ਅਧਿਐਨ ਕੇਂਦਰ ਵੱਲੋਂ ਸੰਚਾਲਿਤ ਕੀਤੇ ਜਾਂਦੇ ਦੋ ਪੀ.ਸੀ.ਪੀ. ਦੌਰਾਨ ਵਿਦਿਆਰਥੀਆਂ ਦੇ ਦੋ ਮੁਲਾਂਕਣ ਟੈਸਟ ਵੀ ਕੰਡਕਟ ਕੀਤੇ ਜਾਣਗੇ ਅਤੇ ਵਿਦਿਆਰਥੀਆਂ ਵੱਲੋਂ ਪ੍ਰਾਪਤ ਅੰਕ ਬੋਰਡ ਨੂੰ ਭੇਜੇ ਜਾਣਗੇ।**

(ਗ) **ਓਪਨ ਸਕੂਲ ਪ੍ਰਣਾਲੀ ਅਧੀਨ ਦਾਖਲ ਹੋਏ ਵਿਦਿਆਰਥੀਆਂ ਲਈ ਪ੍ਰੀ-ਬੋਰਡ ਪ੍ਰੀਖਿਆ ਦੇਣੀ ਲਾਜ਼ਮੀ ਹੋਵੇਗੀ ਜੋ ਕਿ ਅਧਿਐਨ ਕੇਂਦਰ ਵੱਲੋਂ ਦੂਜੇ ਵਿਅਕਤੀਗਤ ਪ੍ਰੋਗਰਾਮ (ਪੀ.ਸੀ.ਪੀ) ਦੌਰਾਨ ਲਈ ਜਾਵੇਗੀ। ਵਿਦਿਆਰਥੀਆਂ ਵੱਲੋਂ ਪ੍ਰਾਪਤ ਅੰਕ ਬੋਰਡ ਵੱਲੋਂ ਜਾਰੀ ਪੋਰਟਲ ਤੇ ਅਪਲੋਡ ਕੀਤੇ ਜਾਣਗੇ।**

(ਘ) **ਓਪਨ ਸਕੂਲ ਵਿਦਿਆਰਥੀਆਂ ਲਈ ਕਿਸੇ ਵਿਸ਼ੇਸ਼ ਹਾਲਾਤਾਂ ਵਿੱਚ ਪ੍ਰੀ-ਬੋਰਡ ਦੀ ਪ੍ਰੀਖਿਆ ਨਾ ਦੇਣ ਦੀ ਸੂਰਤ ਵਿੱਚ ਸਕੂਲ ਵੱਲੋਂ ਪੀ.ਸੀ.ਪੀ. ਦੌਰਾਨ ਲਏ ਗਏ ਦੋ ਆਂਤਰਿਕ ਟੈਸਟਾਂ ਦੇ ਅੰਕਾਂ ਦੀ ਔਸਤ ਨੂੰ ਅਨੁਪਾਤਕ ਰੂਪ ਵਿੱਚ ਵਧਾਉਂਦੇ ਹੋਏ ਪ੍ਰੀ-ਬੋਰਡ ਪ੍ਰੀਖਿਆ ਦੇ ਅੰਕ ਬੋਰਡ ਵੱਲੋਂ ਨਿਰਧਾਰਤ ਕੀਤੇ ਜਾਣਗੇ।**

ਹਰੇਕ ਵਿਸ਼ੇ ਦੀ ਅਗਵਾਈ ਦੇਣ ਲਈ ਅਧਿਆਪਕਾਂ ਦਾ ਪ੍ਰਬੰਧ ਅਧਿਐਨ ਕੇਂਦਰ ਦੇ ਮੁਖੀ ਵੱਲੋਂ ਕੀਤਾ ਜਾਣਾ ਜ਼ਰੂਰੀ ਹੈ। ਇਸ ਕਾਰਜ ਲਈ ਲੋੜ ਪੈਣ 'ਤੇ ਪਾਰਟ ਟਾਈਮ ਅਧਿਆਪਕਾਂ ਦੀਆਂ ਸੇਵਾਵਾਂ ਵੀ ਲਈਆਂ ਜਾ ਸਕਦੀਆਂ ਹਨ।

**ਨੋਟ: ਪੀ.ਸੀ.ਪੀ. ਦੌਰਾਨ ਨਿਯਮਾਂ ਅਨੁਸਾਰ ਅਧਿਐਨ ਕੇਂਦਰ ਵਲੋਂ ਵਿਦਿਆਰਥੀਆਂ ਨੂੰ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਦੀ ਪੜਤਾਲ ਕਰਨ ਲਈ ਬੋਰਡ ਦੇ ਅਧਿਕਾਰੀਆਂ ਵੱਲੋਂ ਨਿਰੀਖਣ ਕੀਤਾ ਜਾ ਸਕਦਾ ਹੈ।**

## 5. ਆਂਤਰਿਕ ਮੁਲਾਂਕਣ ਟੈਸਟ ਅਤੇ ਪ੍ਰੀ-ਬੋਰਡ ਪ੍ਰੀਖਿਆ/ਟੈਸਟ

ਵਿਦਿਆਰਥੀਆਂ ਦੇ ਅਕਾਦਮਿਕ ਮੁਲਾਂਕਣ ਹਿੱਤ ਅਧਿਐਨ ਕੇਂਦਰ ਦੁਆਰਾ ਮੈਟ੍ਰਿਕੁਲੇਸ਼ਨ ਅਤੇ ਸੀਨੀਅਰ ਸੈਕੰਡਰੀ ਜਮਾਤ ਲਈ ਪਾਠ-ਕ੍ਰਮ ਤੇ ਅਧਾਰਿਤ ਪੀ.ਸੀ.ਪੀ. ਦੌਰਾਨ ਆਂਤਰਿਕ ਟੈਸਟ ਅਤੇ ਪ੍ਰੀ-ਬੋਰਡ ਪ੍ਰੀਖਿਆ/ਟੈਸਟ ਲਿਆ ਜਾਵੇਗਾ। ਅਧਿਐਨ ਕੇਂਦਰ ਦੁਆਰਾ ਇਹਨਾਂ ਟੈਸਟਾਂ ਦੀਆਂ ਉੱਤਰ ਪੱਤਰੀਆਂ ਦੇ ਮੁਲਾਂਕਣ ਉਪਰੰਤ ਯੋਗ ਅਗਵਾਈ ਦਿੱਤੀ ਜਾਵੇਗੀ। ਆਂਤਰਿਕ ਟੈਸਟ ਅਤੇ ਪ੍ਰੀ-ਬੋਰਡ ਪ੍ਰੀਖਿਆ/ਟੈਸਟ ਦੇ ਪ੍ਰਾਪਤ ਅੰਕਾਂ ਸਬੰਧੀ ਵੇਰਵੇ ਬੋਰਡ ਨੂੰ ਭੇਜੇ ਜਾਣਗੇ ਅਤੇ ਬੋਰਡ ਵੱਲੋਂ ਜਾਰੀ ਵੈੱਬ-ਪੋਰਟਲ ਤੇ ਅਪਲੋਡ ਕੀਤੇ ਜਾਣਗੇ।

## 6. ਦਾਖਲਾ-ਕਮ-ਪ੍ਰੀਖਿਆ ਫਾਰਮ

6.1 ਮੈਟ੍ਰਿਕੁਲੇਸ਼ਨ ਅਤੇ ਸੀਨੀਅਰ ਸੈਕੰਡਰੀ ਸ਼੍ਰੇਣੀਆਂ ਲਈ ਦਾਖਲਾ-ਕਮ-ਪ੍ਰੀਖਿਆ ਫਾਰਮ ਨਿਰਧਾਰਿਤ ਮਿਤੀ ਤੱਕ ਸਬੰਧਤ ਜ਼ਿਲ੍ਹੇ ਦੇ ਖੇਤਰੀ ਦਫ਼ਤਰ ਵਿਖੇ ਜਮ੍ਹਾਂ ਕਰਵਾਇਆ ਜਾਵੇ। ਨਿਰਧਾਰਤ ਮਿਤੀ ਤੋਂ ਬਾਅਦ ਦਾਖਲਾ-ਕਮ-ਪ੍ਰੀਖਿਆ ਫਾਰਮ 10 ਜਨਵਰੀ ਤੱਕ ਬੋਰਡ ਦੀ ਓਪਨ ਸਕੂਲ ਸ਼ਾਖਾ ਵਿੱਚ ਕਰਵਾਏ ਜਾਣਗੇ।

6.2 ਵੱਖ ਵੱਖ ਸ਼੍ਰੇਣੀਆਂ ਲਈ ਬੋਰਡ ਦੁਆਰਾ ਨਿਰਧਾਰਿਤ ਫ਼ੀਸਾਂ ਦੇ ਵੇਰਵੇ ਸੰਬੰਧਤ ਪ੍ਰਾਸਪੈਕਟਸ ਵਿੱਚ ਦਰਜ ਹਨ। ਬੋਰਡ ਵਲੋਂ ਇਹਨਾਂ ਫ਼ੀਸਾਂ ਵਿੱਚ ਕਿਸੇ ਵੀ ਸਮੇਂ ਬਿਨਾਂ ਕਿਸੇ ਨੋਟਿਸ ਦੇ ਤਬਦੀਲੀ ਕੀਤੀ ਜਾ ਸਕਦੀ ਹੈ।

## 7. ਸੇਵਾਫ਼ਲ

7.1 ਅਧਿਐਨ ਕੇਂਦਰ ਦੁਆਰਾ ਵਿਦਿਆਰਥੀਆਂ ਨੂੰ ਸਮੇਂ ਸਮੇਂ ਦਿੱਤੀਆਂ ਵਿਦਿਆਰਥੀ ਸਹਿਯੋਗੀ ਸੇਵਾਵਾਂ ਅਤੇ ਪੀ. ਸੀ.ਪੀ. ਦਾ ਪ੍ਰਬੰਧ ਕਰਨ ਲਈ ਬੋਰਡ ਵੱਲੋਂ ਮੈਟ੍ਰਿਕੁਲੇਸ਼ਨ ਸ਼੍ਰੇਣੀ ਲਈ 250/- ਰੁ: ਅਤੇ ਸੀਨੀਅਰ ਸੈਕੰਡਰੀ ਸ਼੍ਰੇਣੀ ਲਈ 300/- ਰੁ: ਪ੍ਰਤੀ ਵਿਦਿਆਰਥੀ ਸੇਵਾਫ਼ਲ ਦੇ ਰੂਪ ਵਿੱਚ ਅਧਿਐਨ ਕੇਂਦਰ ਨੂੰ ਉੱਕਾ-ਪੁੱਕਾ ਅਦਾਇਗੀ NEFT ਰਾਹੀਂ ਕੀਤੀ ਜਾਵੇਗੀ।

7.2 ਸੇਵਾਫ਼ਲ ਦੀ ਅਦਾਇਗੀ ਲਈ ਕਿਤਾਬਚੇ ਵਿੱਚ ਦਿੱਤਾ ਪ੍ਰੋਫਾਰਮਾ ਨੰ: 2 ਮੈਟ੍ਰਿਕੁਲੇਸ਼ਨ ਅਤੇ ਸੀਨੀਅਰ ਸੈਕੰਡਰੀ ਸ਼੍ਰੇਣੀ ਲਈ ਵੱਖੋ-ਵੱਖਰਾ ਭਰਿਆ ਜਾਵੇ ਅਤੇ ਹਰ ਪੱਖੋਂ ਮੁਕੰਮਲ ਕਰ ਕੇ ਅਕਾਦਮਿਕ ਸਾਲ ਖਤਮ ਹੋਣ ਮਗਰੋਂ ਪੈਂਦੀ 1 ਅਪ੍ਰੈਲ ਤੋਂ 31 ਮਈ ਤੱਕ ਬੋਰਡ ਦੇ ਮੁੱਖ ਦਫ਼ਤਰ ਵਿੱਚ ਭੇਜਿਆ ਜਾਵੇ। ਅਧਿਐਨ ਕੇਂਦਰਾਂ ਨੂੰ ਸੌਂਪੇ ਕਾਰਜਾਂ ਅਨੁਸਾਰ ਵਿਦਿਆਰਥੀਆਂ ਨੂੰ ਸੇਵਾਵਾਂ ਪ੍ਰਦਾਨ ਕਰਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਉਣਤਾਈ ਪਾਏ ਜਾਣ ਤੇ ਦਫ਼ਤਰ ਵੱਲੋਂ ਅਧਿਐਨ ਕੇਂਦਰ ਦੇ ਸੇਵਾਫਲ ਬਿੱਲ ਨੂੰ ਵਿਚਾਰਿਆ ਨਹੀਂ ਜਾਵੇਗਾ। **ਰਿਕਾਰਡ ਸਹਿਤ ਕਲੇਮ ਫਾਰਮ ਲੇਟ ਭੇਜਣ ਦੀ ਸੂਰਤ ਵਿੱਚ ਲੇਟ ਅਦਾਇਗੀ ਜਾਂ ਕਲੇਮ ਦਾ ਕੇਸ ਦਾਖਲ ਦਫ਼ਤਰ ਹੋਣ ਦੀ ਜ਼ਿੰਮੇਵਾਰੀ ਬੋਰਡ ਦੀ ਨਹੀਂ ਹੋਵੇਗੀ।**

## 8. ਸਜ਼ਾ ਤੇ ਜੁਰਮਾਨਾ

ਅਧਿਐਨ ਕੇਂਦਰ ਵੱਲੋਂ ਦਰਸਾਏ ਤੱਥਾਂ ਵਿੱਚ ਹੇਠ ਲਿਖੇ ਅਨੁਸਾਰ ਕੋਈ ਤਰੁੱਟੀ/ਉਣਤਾਈ ਪਾਈ ਜਾਣ ਦੀ ਸੂਰਤ ਵਿੱਚ ਬੋਰਡ ਵਲੋਂ ਨਿਯਮਾਂ ਅਨੁਸਾਰ ਸਜ਼ਾ ਤੇ ਜੁਰਮਾਨਾ ਜਾਂ ਇਕੋ ਸਮੇਂ ਦੋਵੇਂ ਕੀਤੇ ਜਾ ਸਕਦੇ ਹਨ:-

8.1 ਵਿਦਿਆਰਥੀਆਂ ਪਾਸੋਂ ਬੋਰਡ ਦੁਆਰਾ ਨਿਰਧਾਰਤ ਫ਼ੀਸਾਂ ਤੋਂ ਇਲਾਵਾ ਕੋਈ ਹੋਰ ਫ਼ੀਸ ਲੈਣਾ।

8.2 ਵਿਦਿਆਰਥੀ ਦਾ ਦਾਖਲਾ-ਕਮ-ਪ੍ਰੀਖਿਆ ਫਾਰਮ/ਫ਼ੀਸ ਨਿਸ਼ਚਿਤ ਮਿਤੀ ਤੱਕ ਨਾ ਭੇਜਣਾ ਜਾਂ ਪ੍ਰੀਖਿਆ ਦੇ ਸਮੇਂ ਤੱਕ ਆਪਣੇ ਕੋਲ ਹੀ ਰੱਖ ਛੱਡਣਾ।

8.3 ਵਿਦਿਆਰਥੀ ਨੂੰ ਅਕਾਦਮਿਕ ਲਾਭ ਦੇਣ ਦਾ ਝਾਂਸਾ ਦੇ ਕੇ ਧੋਖੇ ਵਿਚ ਰੱਖਣਾ।

8.4 ਦਾਖਲਾ ਖਾਰਜ ਰਜਿਸਟਰ ਪੂਰੀ ਤਰ੍ਹਾਂ ਤਿਆਰ ਨਾ ਕਰਨਾ ਅਤੇ ਬਿਨਾ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਲਏ ਇਸ ਦੇ ਇੰਦਰਾਜਾਂ ਵਿੱਚ ਤਬਦੀਲੀ ਕਰਨਾ ਜਾਂ ਦਾਖਲੇ ਸੰਬੰਧੀ ਪੂਰਾ ਰਿਕਾਰਡ ਨਾ ਰੱਖਣਾ।

8.5 ਨਿਸ਼ਚਿਤ ਮਿਤੀ ਤੇ ਪੀ.ਸੀ.ਪੀ. ਦਾ ਪ੍ਰਬੰਧ ਨਾ ਕਰਨਾ ਤੇ ਇਸ ਸੰਬੰਧੀ ਦਸਤਾਵੇਜ਼ ਨਿਸ਼ਚਿਤ ਮਿਤੀ ਤੱਕ ਦਫ਼ਤਰ ਨੂੰ ਨਾ ਭੇਜਣਾ।

8.6 ਓਪਨ ਸਕੂਲ ਦੇ ਵਿਦਿਆਰਥੀਆਂ ਨੂੰ ਰਸਮੀ ਸਿੱਖਿਆ ਅਧੀਨ ਦਾਖਲ ਕੀਤੇ ਰੈਗੂਲਰ ਵਿਦਿਆਰਥੀਆਂ ਦੇ ਨਾਲ ਸਕੂਲ ਸਮੇਂ ਦੌਰਾਨ ਅਗਵਾਈ ਦੇਣਾ ਅਤੇ ਉਹਨਾਂ ਪਾਸੋਂ ਇਸ ਕਾਰਜ ਲਈ ਫ਼ੀਸ ਆਦਿ ਵਸੂਲ ਕਰਨਾ।

8.7 ਦਫ਼ਤਰ ਵੱਲੋਂ ਸਮੇਂ ਸਮੇਂ ਦਿੱਤੀਆਂ ਹਦਾਇਤਾਂ ਦੀ ਸਮੇਂ ਸਿਰ ਪਾਲਣਾ ਨਾ ਕਰਨਾ।

ਉਪਰੋਕਤ ਜਾਂ ਇਹਨਾਂ ਤੋਂ ਇਲਾਵਾ ਨਿਯਮਾਂ ਦੇ ਵਿਰੁੱਧ ਕਾਰਵਾਈ ਕਰਨ ਤੇ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅਧਿਐਨ ਕੇਂਦਰ ਨੂੰ ਕੋਈ ਵੀ ਸਜ਼ਾ ਜਿਵੇਂ ਕਿ ਅਧਿਐਨ ਕੇਂਦਰ ਰੱਦ ਕਰਨਾ, ਸੇਵਾਫ਼ਲ ਦੀ ਕੀਤੀ ਜਾਣ ਵਾਲੀ ਅਦਾਇਗੀ ਰੱਦ ਕਰਨਾ, ਨਕਦ ਰੂਪ ਵਿੱਚ ਜੁਰਮਾਨਾ, ਐਫੀਲੀਏਸ਼ਨ ਰੱਦ ਕਰਨਾ ਆਦਿ ਵਿੱਚੋਂ ਇੱਕ ਜਾਂ ਇੱਕ ਤੋਂ ਵੱਧ ਸਜ਼ਾਵਾਂ ਦਿੱਤੀਆਂ ਜਾ ਸਕਦੀਆਂ ਹਨ।

8.8 ਪੰਜਾਬ ਓਪਨ ਸਕੂਲ ਪ੍ਰਣਾਲੀ ਅਧੀਨ ਆਨਲਾਈਨ ਦਾਖਲਿਆਂ ਸਬੰਧੀ ਵਿਦਿਆਰਥੀਆਂ ਅਤੇ ਸੰਸਥਾਵਾਂ ਵੱਲੋਂ Self declaration ਜਾਂ Self attestation ਕੀਤੇ ਜਾਣ ਮੌਕੇ ਜੇ ਕੋਈ ਕੁਤਾਹੀ ਕੀਤੀ ਜਾਂਦੀ ਹੈ ਤਾਂ ਵਿਦਿਆਰਥੀ/ਸੰਸਥਾ ਖਿਲਾਫ (Criminal Procedure code ਤਹਿਤ) ਕਾਰਵਾਈ ਕੀਤੀ ਜਾਵੇਗੀ।

## 9. ਅਗਵਾਈ ਪੁਸਤਕ ਵਿੱਚ ਲੱਗੇ ਪ੍ਰੋਫਾਰਮੇ ਓਪਨ ਸਕੂਲ ਸ਼ਾਖਾ ਵਿੱਚ ਭੇਜਣ ਬਾਰੇ

| | |
|---|---|
| ਦਾਖਲਾ-ਕਮ-ਪ੍ਰੀਖਿਆ ਫਾਰਮ ਸਮੇਤ ਯੋਗਤਾ ਸਬੰਧੀ ਦਸਤਾਵੇਜ਼ | - ਦੋ ਕਾਪੀਆਂ |
| ਪ੍ਰੋਫਾਰਮਾ-1 ਯੋਗਤਾ ਸਬੰਧੀ ਵਿਦਿਆਰਥੀ ਸੂਚੀ ਫਾਰਮ | - 31 ਜਨਵਰੀ, 2026 |
| ਪ੍ਰੋਫਾਰਮਾ-2 ਸੇਵਾਫ਼ਲ ਅਦਾਇਗੀ ਫਾਰਮ | - 31 ਮਈ, 2026 |
| ਪ੍ਰੋਫਾਰਮਾ-3 ਅਧਿਐਨ ਕੇਂਦਰ ਮੁਖੀ ਦੇ ਨਮੂਨੇ ਦੇ ਹਸਤਾਖਰ | - ਇੱਕ ਕਾਪੀ |

ਆਂਤਰਿਕ ਮੁਲਾਂਕਣ ਟੈਸਟ ਅਤੇ ਪ੍ਰੀ-ਬੋਰਡ ਪ੍ਰੀਖਿਆ/ਟੈਸਟ ਦਾ ਰਿਕਾਰਡ ਵੀ ਭੇਜਿਆ ਜਾਵੇ।

**ਨੋਟ:-1 ਸਾਰੇ ਪ੍ਰੋਫਾਰਮੇ ਉਪਰੋਕਤ ਅਨੁਸਾਰ ਸਮੇਂ ਸਮੇਂ ਇੰਚਾਰਜ (ਓਪਨ ਸਕੂਲ) ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਵਿੱਦਿਆ ਭਵਨ, ਐਸ.ਏ.ਐਸ.ਨਗਰ ਨੂੰ ਭੇਜੇ ਜਾਣੇ ਅਤਿ ਜ਼ਰੂਰੀ ਹਨ।**

**2 ਸੇਵਾਫਲ ਦੀਆਂ ਮਿਸਲਾਂ ਵਿੱਚ ਪ੍ਰੋਫਾਰਮੇ ਤਰਤੀਬਵਾਰ ਲਗਾਏ ਜਾਣ ਅਤੇ ਉਸੇ ਅਨੁਸਾਰ ਹੀ ਸੂਚੀ ਤਿਆਰ ਕਰਕੇ ਨੱਥੀ ਕੀਤੀ ਜਾਵੇ।**

**3 (ਸੇਵਾਫਲ ਅਦਾਇਗੀ ਫਾਰਮ) ਦੇ ਲੜੀ ਨੰ: 2 ਤੇ ਵਿਦਿਆਰਥੀਆਂ ਦੀਆਂ ਹਾਜਰੀਆਂ ਦਾ ਵਿਸ਼ਾਵਾਰ ਰਿਕਾਰਡ ਦਰਜ ਕਰਦੇ ਸਮੇਂ ਕਰੈਡਿਟ ਕੈਰੀ ਲੈਣ ਵਾਲੇ ਵਿਦਿਆਰਥੀਆਂ ਦੇ ਵੇਰਵੇ ਜ਼ਰੂਰ ਦਰਜ ਕੀਤੇ ਜਾਣ।**

## 10. ਅਧਿਐਨ ਕੇਂਦਰ ਦੁਆਰਾ ਵਿਦਿਆਰਥੀਆਂ ਤੋਂ ਲਏ ਜਾਣ ਵਾਲੇ ਦਸਤਾਵੇਜ਼

10.1. ਵਿਦਿਆਰਥੀਆਂ ਦੀਆਂ 2 ਪਾਸਪੋਰਟ ਸਾਈਜ਼ ਫੋਟੋਗਰਾਫ ਜੋ ਹੇਠ ਲਿਖੇ ਅਨੁਸਾਰ ਚਿਪਕਾਈਆਂ ਜਾਣ:-

(ੳ) ਸ਼ਨਾਖਤੀ ਕਾਰਡ ਉੱਤੇ -1

(ਅ) ਸਕੂਲ ਦੇ ਰਿਕਾਰਡ ਵਿੱਚ –1

**10.2 ਪਾਤਰਤਾ/ਯੋਗਤਾ ਸਰਟੀਫ਼ਿਕੇਟ**

(ੳ) **ਮੈਟ੍ਰਿਕੁਲੇਸ਼ਨ ਕੋਰਸ**:–ਹੇਠ ਲਿਖਿਆਂ ਵਿੱਚੋਂ ਕੋਈ ਇੱਕ ਦਸਤਾਵੇਜ਼ ਅਤੇ ਉਸ ਦੀਆਂ ਦੋ ਫੋਟੋ ਕਾਪੀਆਂ।

ਦੋ ਅਕਾਦਮਿਕ ਸਾਲ ਪਹਿਲਾਂ ਅੱਠਵੀਂ ਜਮਾਤ ਪਾਸ ਕਰਨ ਦਾ ਸਰਟੀਫ਼ਿਕੇਟ

ਜਾਂ

ਇੱਕ ਅਕਾਦਮਿਕ ਸਾਲ ਪਹਿਲਾਂ ਜਾਂ ਨੌਵੀਂ ਜਮਾਤ ਵਿੱਚ ਦਾਖਲ/ਪਾਸ/ਫੇਲ੍ਹ ਹੋਣ ਸਬੰਧੀ ਯੋਗ ਦਸਤਾਵੇਜ਼

ਜਾਂ

ਮੈਟ੍ਰਿਕੁਲੇਸ਼ਨ ਫ਼ੇਲ ਦਾ ਨਤੀਜਾ ਕਾਰਡ

ਜਾਂ

ਮੈਟ੍ਰਿਕੁਲੇਸ਼ਨ ਕੰਪਾਰਟਮੈਂਟ /ਰੀਅਪੀਅਰ ਦਾ ਸਰਟੀਫ਼ਿਕੇਟ ਜਿਸ ਅਨੁਸਾਰ ਉਸਦੇ ਕੰਪਾਰਟਮੈਂਟ/ਰੀਅਪੀਅਰ ਦੇ ਸਾਰੇ ਮੌਕੇ ਸਮਾਪਤ ਹੋ ਚੁੱਕੇ ਹੋਣ।

ਜਾਂ

31 ਮਾਰਚ, 2025 ਤੱਕ 14 ਸਾਲ ਦੀ ਉਮਰ ਪੂਰੀ ਕਰ ਚੁੱਕੇ ਵਿਦਿਆਰਥੀ ਦੀ ਉਮਰ ਦੇ ਸਬੂਤ ਵਜੋਂ ਪ੍ਰਾਸਪੈਕਟਸ ਵਿਚ ਦਰਜ ਅਨੁਸਾਰ ਕੋਈ ਇੱਕ ਦਸਤਾਵੇਜ਼।

**(ਅ) ਸੀਨੀਅਰ ਸੈਕੰਡਰੀ ਕੋਰਸ**

ਮੈਟ੍ਰਿਕੁਲੇਸ਼ਨ ਦੀ ਪ੍ਰੀਖਿਆ ਪਾਸ ਕਰਨ ਤੋਂ ਇੱਕ ਸਾਲ ਦੀ ਵਿੱਥ ਰੱਖਦਾ ਹੋਵੇ।

ਜਾਂ

ਸੀਨੀਅਰ ਸੈਕੰਡਰੀ ਫੇਲ੍ਹ ਦਾ ਸਰਟੀਫ਼ਿਕੇਟ

ਜਾਂ

ਸੀਨੀਅਰ ਸੈਕੰਡਰੀ ਕੰਪਾਰਟਮੈਂਟ/ਰੀਅਪੀਅਰ ਦਾ ਸਰਟੀਫ਼ਿਕੇਟ ਜਿਸ ਅਨੁਸਾਰ ਕੰਪਾਰਟਮੈਂਟ/ਰੀਅਪੀਅਰ ਦੇ ਸਾਰੇ ਮੌਕੇ ਸਮਾਪਤ ਹੋ ਚੁੱਕੇ ਹੋਣ।

**ਨੋਟ:– ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੈਟ੍ਰਿਕੁਲੇਸ਼ਨ ਪ੍ਰੀਖਿਆ ਵਿੱਚ ਘੱਟੋ–ਘੱਟ ਦੋ ਅਕਾਦਮਿਕ ਸਾਲ ਪਹਿਲਾਂ ਕੰਪਾਰਟਮੈਂਟ/ਰੀਅਪੀਅਰ ਆਈ ਹੋਵੇ ਅਤੇ ਦਾਖਲਾ ਲੈਣ ਸਮੇਂ ਤੱਕ ਇਹ ਕੰਪਾਰਟਮੈਂਟ/ਰੀ–ਅਪੀਅਰ ਪਾਸ ਕਰ ਲਈ ਹੋਵੇ। ਦਾਖਲਾ ਲੈਣ ਸਮੇਂ ਰੀ–ਅਪੀਅਰ ਜਾਂ ਕੰਪਾਰਟਮੈਂਟ ਵਾਲੇ ਉਮੀਦਵਾਰਾਂ ਲਈ ਦੋ ਸਾਲ ਦੀ ਵਿੱਥ ਰੀ–ਅਪੀਅਰ ਜਾਂ ਕੰਪਾਰਟਮੈਂਟ ਆਉਣ ਵਾਲੇ ਅਕਾਦਮਿਕ ਸਾਲ ਤੋਂ ਗਿਣੀ ਜਾਵੇਗੀ (ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਮੈਟ੍ਰਿਕੁਲੇਸ਼ਨ ਸ਼੍ਰੇਣੀ ਵਿੱਚ ਬਤੌਰ ਰੇਗੂਲਰ ਵਿਦਿਆਰਥੀ ਫੇਲ ਹੋਣ ਉਪਰੰਤ ਜੇਕਰ ਓਪਨ ਸਕੂਲ ਵਿੱਚ ਕਰੈਡਿਟ ਕੈਰੀ ਦਾ ਲਾਭ ਲੈ ਕੇ ਦਾਖਲਾ ਲੈਂਦਾ ਹੈ ਤਾਂ ਉਸ ਵਿਦਿਆਰਥੀ ਨੂੰ ਓਪਨ ਸਕੂਲ ਵਿੱਚ ਦਾਖਲਾ ਲੈਣ ਦੇ ਉਸੇ ਅਕਾਦਮਿਕ ਸਾਲ ਤੋਂ Fresh Candidate ਮੰਨਿਆ ਜਾਵੇਗਾ)। ਅਜਿਹੇ ਵਿਦਿਆਰਥੀ ਦਾ ਮੈਟ੍ਰਿਕੁਲੇਸ਼ਨ ਪਾਸ ਦਾ ਸਰਟੀਫ਼ਿਕੇਟ ਹਰ ਹਾਲਤ ਵਿਚ ਪ੍ਰੀਖਿਆ ਸ਼ੁਰੂ ਹੋਣ ਤੋਂ 10–15 ਦਿਨ ਪਹਿਲਾਂ ਭੇਜਿਆ ਜਾਣਾ ਲਾਜ਼ਮੀ ਹੈ।**

(ੲ) ਸੰਬੰਧਤ ਜ਼ਿਲ੍ਹੇ ਦੇ ਵਸਨੀਕ ਹੋਣ ਦਾ ਸਬੂਤ।

(ਸ) ਨਿਯਮਾਂ ਅਨੁਸਾਰ ਬਣਦੀ ਦਾਖਲਾ, ਰਜਿਸਟ੍ਰੇਸ਼ਨ ਅਤੇ ਪ੍ਰੀਖਿਆ ਫੀਸ।

(ਹ) ਐਸ.ਸੀ./ਬੀ.ਸੀ./ਵਿਲੱਖਣ ਸਮਰਥਾ ਹੋਣ ਸੰਬੰਧੀ ਸਮਰੱਥ ਅਧਿਕਾਰੀ ਵੱਲੋਂ ਜਾਰੀ ਸਰਟੀਫ਼ਿਕੇਟ ਅਤੇ ਉਸ ਦੀਆਂ ਦੋ ਫੋਟੋ ਕਾਪੀਆਂ।

(ਕ) ਜਨਮ ਮਿਤੀ ਦਾ ਸਬੂਤ (ਓਪਨ ਸਕੂਲ ਦੇ ਮੈਟ੍ਰਿਕੁਲੇਸ਼ਨ ਪ੍ਰਾਸਪੈਕਟਸ ਵਿੱਚ ਦਰਜ ਅਨੁਸਾਰ)।

(ਖ) ਸਰਟੀਫ਼ਿਕੇਟ ਦੀ ਫੋਟੋ ਕਾਪੀ ਜਿਸਦੇ ਆਧਾਰ ਤੇ ਕਰੈਡਿਟ ਕੈਰੀ ਦਾ ਲਾਭ ਲੈਣਾ ਹੈ।

## 11. ਅਧਿਐਨ ਕੇਂਦਰ ਦੁਆਰਾ ਬੋਰਡ ਨੂੰ ਭੇਜੇ ਜਾਣ ਵਾਲੇ ਦਸਤਾਵੇਜ਼

**(ੳ) ਆਨਲਾਈਨ ਦਾਖਲਾ-ਕਮ-ਪ੍ਰੀਖਿਆ ਫਾਰਮ ਦੀ ਡਾਊਨਲੋਡ ਕੀਤੀ ਕਾਪੀ (ਯੋਗਤਾ ਸਬੰਧੀ ਦਸਤਾਵੇਜ਼ਾਂ ਸਮੇਤ)**

**(ਅ) ਪੀ.ਸੀ.ਪੀ. ਸੰਬੰਧੀ ਦਸਤਾਵੇਜ਼:-**

1. ਟਾਈਮ ਟੇਬਲ ਦੀ ਕਾਪੀ।
2. ਅਗਵਾਈ ਦੇਣ ਵਾਲੇ ਅਧਿਆਪਕਾਂ ਦੀ ਸੂਚੀ।
3. ਪੀ.ਸੀ.ਪੀ. ਤੋਂ ਛੋਟ ਲੈਣ ਵਾਲੇ ਵਿਦਿਆਰਥੀਆਂ ਦੀਆਂ ਪ੍ਰਤੀ ਬੇਨਤੀਆਂ, ਜੇ ਕੋਈ ਹੋਵੇ।
4. ਪੀ.ਸੀ.ਪੀ. ਦੌਰਾਨ ਹਾਜ਼ਰੀਆਂ ਪੂਰੀਆਂ ਨਾ ਕਰਨ ਕਾਰਨ ਯੋਗਤਾ ਪੂਰੀ ਨਾ ਕਰ ਸਕਣ ਵਾਲੇ ਵਿਦਿਆਰਥੀਆਂ ਦੀ ਸੂਚੀ (ਫਾਰਮ ਨੰ: 1)।

**(ੲ) ਦਾਖਲਾ-ਕਮ-ਪ੍ਰੀਖਿਆ ਫਾਰਮ**

1. **ਬੋਰਡ ਵੱਲੋਂ ਅਧਿਐਨ ਕੇਂਦਰ ਵਿੱਚ ਦਾਖਲ ਕੀਤੇ ਗਏ ਵਿਦਿਆਰਥੀਆਂ ਦੇ ਆਨਲਾਈਨ ਦਾਖਲਾ-ਕਮ-ਪ੍ਰੀਖਿਆ ਫਾਰਮ ਜਾਰੀ ਸ਼ਡਿਊਲ ਅਨੁਸਾਰ ਬੋਰਡ ਦਫਤਰ ਨੂੰ ਦੋ ਪਰਤਾਂ ਵਿੱਚ ਭੇਜੇ ਜਾਣ।**

**(ਸ) ਸੇਵਾਫ਼ਲ ਦੀ ਅਦਾਇਗੀ ਲੈਣ ਲਈ ਅਧਿਐਨ ਕੇਂਦਰ ਵਲੋਂ ਦਿੱਤੇ ਜਾਣ ਵਾਲੇ ਸਰਟੀਫ਼ਿਕੇਟ :-**

1. ਸੇਵਾਫ਼ਲ ਦੀ ਪ੍ਰਾਪਤੀ ਲਈ ਪ੍ਰੋਫਾਰਮਾ (ਪ੍ਰੋਫਾਰਮਾ 2)
2. ਪੀ.ਸੀ.ਪੀ. ਲਗਾਉਣ ਸੰਬੰਧੀ ਲੋੜੀਂਦੇ ਸਰਟੀਫ਼ਿਕੇਟ ਜਿਵੇਂ ਕਿ ਵਿਦਿਆਰਥੀਆਂ ਦੀ ਹਾਜ਼ਰੀ, ਅਧਿਆਪਕਾਂ ਦੀ ਹਾਜ਼ਰੀ, ਟਾਈਮ-ਟੇਬਲ ਅਤੇ ਆਂਤਰਿਕ ਮੁਲਾਂਕਣ ਟੈਸਟ ਸਬੰਧੀ ਰਿਕਾਰਡ ਦੀ ਤਸਦੀਕ ਸ਼ੁਦਾ ਕਾਪੀ।

## 12. ਅਧਿਐਨ ਕੇਂਦਰ ਦੇ ਰਿਕਾਰਡ ਵਿੱਚ ਰੱਖੇ ਜਾਣ ਵਾਲੇ ਦਸਤਾਵੇਜ਼:-

1. ਆਨਲਾਈਨ ਦਾਖਲਾ-ਕਮ-ਪ੍ਰੀਖਿਆ ਫਾਰਮ ਦੀ ਇੱਕ ਕਾਪੀ, ਯੋਗਤਾ ਸਬੂਤਾਂ ਸਮੇਤ
2. ਵਿਦਿਆਰਥੀਆਂ ਦਾ ਦਾਖਲਾ ਖਾਰਜ ਰਜਿਸਟਰ (ਪਹਿਲੇ ਰਿਕਾਰਡ ਨਾਲ ਲਗਾਤਾਰਤਾ ਕਾਇਮ ਰੱਖਦੇ ਹੋਏ)
3. ਓਪਨ ਸਕੂਲ ਸਬੰਧੀ ਕਾਰਜ ਨਾਲ ਸਬੰਧਤ ਪੱਤਰ ਵਿਹਾਰ ਦੇ ਰਿਕਾਰਡ ਹਿੱਤ ਡਾਇਰੀ ਅਤੇ ਡਿਸਪੈਚ ਰਜਿਸਟਰ।
4. ਪੀ.ਸੀ.ਪੀ. ਦੌਰਾਨ ਵਿਦਿਆਰਥੀਆਂ ਦੀ ਹਾਜ਼ਰੀ, ਅਧਿਆਪਕਾਂ ਦੀ ਹਾਜ਼ਰੀ, ਟਾਈਮ-ਟੇਬਲ ਅਤੇ ਆਂਤਰਿਕ ਮੁਲਾਂਕਣ ਟੈਸਟ ਸਬੰਧੀ ਰਿਕਾਰਡ।

## 13. ਅਧਿਐਨ ਕੇਂਦਰ ਵਲੋਂ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਦਸਤਾਵੇਜ਼/ਸਰਟੀਫ਼ਿਕੇਟ

1. ਆਨਲਾਈਨ ਦਾਖਲਾ-ਕਮ-ਪ੍ਰੀਖਿਆ ਫਾਰਮ ਦੀ ਇੱਕ ਕਾਪੀ
2. ਤਸਦੀਕ ਕਰਨ ਉਪਰੰਤ ਸ਼ਨਾਖਤੀ ਕਾਰਡ, ਲਾਇਬਰੇਰੀ ਕਾਰਡ।
3. ਰੋਲ ਨੰਬਰ, ਨਤੀਜਾ ਕਾਰਡ ਅਤੇ ਸਰਟੀਫ਼ਿਕੇਟ।
4. ਵਿਦਿਆਰਥੀ ਦੀ ਮੰਗ ਅਨੁਸਾਰ ਆਚਰਨ (ਕਰੈਕਟਰ) ਸਰਟੀਫਿਕੇਟ/ਸਕੂਲ ਛੱਡਣ ਦਾ ਸਰਟੀਫ਼ਿਕੇਟ (School leaving certificate) ਪੀ.ਸੀ.ਪੀ. ਅਨੁਸਾਰ।

14. **ਬੋਰਡ ਦੀਆਂ ਪੂਰਕ ਸ਼ਕਤੀਆਂ** :- ਜੇਕਰ ਉਪਰੋਕਤ ਨਿਯਮਾਂ ਵਿੱਚ ਕੋਈ ਪਰਿਵਰਤਨ ਜਾਂ ਹੋਰ ਨਿਯਮ ਸ਼ਾਮਲ ਕਰਨਾ ਹੋਵੇ ਤਾਂ ਇਸ ਸਬੰਧੀ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਨਿਰਣਾ ਲਿਆ ਜਾਵੇਗਾ।

15. **ਵਿਆਖਿਆ**:- ਵਿਨਿਯਮਾਂ ਦੀ ਵਿਆਖਿਆ ਕਰਨ ਸੰਬੰਧੀ ਕੋਈ ਸ਼ੱਕ/ਗ਼ੈਰ ਸਪਸ਼ਟਤਾ ਹੋਵੇ ਤਾਂ ਬੋਰਡ ਦਾ ਨਿਰਣਾ ਅੰਤਿਮ ਹੋਵੇਗਾ।

16. ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਵਿਸ਼ੇਸ਼ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਦਾਖਲਾ ਫ਼ੀਸ/ਦਾਖਲਾ ਮਿਤੀਆਂ ਵਿੱਚ ਉਚੇਚੀ ਤਬਦੀਲੀ ਕਰ ਸਕਦੇ ਹਨ।

17. ਕਿਸੇ ਪ੍ਰਕਾਰ ਦੀ ਔਕੜ, ਸਪਸ਼ਟੀਕਰਨ ਲਈ ਉਪ ਸਕੱਤਰ (ਅਕਾਦਮਿਕ) ਅਤੇ **ਇੰਚਾਰਜ, ਓਪਨ ਸਕੂਲ** ਨਾਲ ਡਾਕ ਰਾਹੀਂ ਜਾਂ ਨਿੱਜੀ ਤੌਰ ਤੇ ਸੰਪਰਕ ਕੀਤਾ ਜਾ ਸਕਦਾ ਹੈ।

ਨੋਟ:- **ਅਗਵਾਈ ਪੁਸਤਕ ਵਿੱਚ ਦਰਜ ਹਦਾਇਤਾਂ/ਅਗਵਾਈ ਲੀਹਾਂ ਅਤੇ ਨਿਯਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ।**

**ਪ੍ਰੋਫਾਰਮਾ -1**

# ਪੰਜਾਬ ਸਕੂਲ ਸਿੱਖਿਆ ਬੋਰਡ

## ਪੰਜਾਬ ਓਪਨ ਸਕੂਲ

### ਯੋਗਤਾ ਪੂਰੀ ਨਾ ਕਰਨ ਸਬੰਧੀ ਵਿਦਿਆਰਥੀ ਸੂਚੀ ਫਾਰਮ (ਅਕਾਦਮਿਕ ਸਾਲ 2025-26)

ਸਕੂਲ ਕੋਡ ............................ ਜ਼ਿਲ੍ਹਾ ਕੋਡ ..........................

ਸ਼੍ਰੇਣੀ (ਕੋਰਸ) .............................. ਮਿਤੀ : ................................

1.ਅਧਿਐਨ ਕੇਂਦਰ ਦਾ ਨਾਂ ਕੋਡ ਅਤੇ ਪਤਾ...........................................................................
ਤਹਿਸੀਲ .......................................................ਜ਼ਿਲ੍ਹਾ................................................................
ਫੋਨ ਨੰ: (ਕੋਡ ਸਮੇਤ) ..............................................ਮੋਬਾਈਲ..............................................................

2. ਦਾਖਲ ਹੋਏ ਪਰ ਪੀ.ਸੀ. ਪੀ. ਦੌਰਾਨ ਹਾਜ਼ਰੀ ਅਤੇ ਮੁਲਾਂਕਣ ਪੱਤਰ ਸਬੰਧੀ ਸ਼ਰਤਾਂ ਨਾ ਪੂਰੀ ਕਰਨ ਵਾਲੇ ਵਿਦਿਆਰਥੀ:-

| ਲੜੀ ਨੰ: | ਵਿਦਿਆਰਥੀ ਦਾ ਨਾਂ | ਪਿਤਾ ਦਾ ਨਾਂ | ਮਾਤਾ ਦਾ ਨਾਂ | ਕਾਰਨ |
|---|---|---|---|---|
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |

ਅਧਿਐਨ ਕੇਂਦਰ ਕਲਰਕ ਦੇ ਹਸਤਾਖਰ

ਅਧਿਐਨ ਕੇਂਦਰ ਮੁਖੀ ਦੇ ਹਸਤਾਖਰ
(ਮੋਹਰ ਸਮੇਤ)

ਨੋਟ:- ਹਰੇਕ ਸ਼੍ਰੇਣੀ/ਗੱਰੁਪ ਲਈ ਵੱਖਰਾ ਵੱਖਰਾ ਫਾਰਮ ਭਰਿਆ ਜਾਵੇ।

ਪ੍ਰੋਫਾਰਮਾ 2

# ਪੰਜਾਬ ਸਕੂਲ ਸਿੱਖਿਆ ਬੋਰਡ
## ਪੰਜਾਬ ਓਪਨ ਸਕੂਲ
## ਸੇਵਾਫ਼ਲ ਪ੍ਰੋਫਾਰਮਾ

**(ਅਕਾਦਮਿਕ ਸਾਲ 2025-26)**

ਸਕੂਲ ਕੋਡ ........................ ਜ਼ਿਲ੍ਹਾ ਕੋਡ ..................................

**(ਹਰ ਸ਼੍ਰੇਣੀ ਲਈ ਵੱਖਰਾ-ਵੱਖਰਾ ਭਰਿਆ ਜਾਵੇ)**

ਅਧਿਐਨ ਕੇਂਦਰ ਦਾ ਨਾਂ ਪਤਾ ਅਤੇ ਫੋਨ ਨੰਬਰ..........................................................................................................

ਤਹਿਸੀਲ ......................................ਜ਼ਿਲ੍ਹਾ.......................................ਸ਼੍ਰੇਣੀ.........................................

ਤਸਦੀਕ ਕੀਤਾ ਜਾਂਦਾ ਹੈ ਕਿ ਓਪਨ ਸਕੂਲ ਪ੍ਰਣਾਲੀ ਅਧੀਨ ਸੈਸ਼ਨ ..........................ਸ਼੍ਰੇਣੀ..................................ਵਿੱਚ ............ ਵਿਦਿਆਰਥੀਆਂ ਨੇ ਦਾਖਲਾ ਲਿਆ। ਬੋਰਡ ਵੱਲੋਂ ਸਮੇਂ ਸਿਰ ਪ੍ਰਾਪਤ ਹੋਈਆਂ ਹਦਾਇਤਾਂ/ਸੌਂਪੇ ਕਾਰਜਾਂ ਅਨੁਸਾਰ ਇਨ੍ਹਾਂ ਵਿੱਚੋਂ.......................... ਵਿਦਿਆਰਥੀਆਂ ਨੂੰ ਹੇਠ ਦਰਸਾਈਆਂ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ।

1. ਵਿਦਿਆਰਥੀਆਂ ਲਈ ਵਿਅਕਤੀਗਤ ਸੰਪਰਕ ਪ੍ਰੋਗਰਾਮ(ਪੀ.ਸੀ.ਪੀ.) ਆਯੋਜਨ ਕੀਤੇ ਗਏ ਹਾਂ/ਨਹੀਂ
2. ਵਿਦਿਆਰਥੀਆਂ ਦੀਆਂ ਹਾਜ਼ਰੀਆਂ ਦਾ ਵਿਸ਼ਾਵਾਰ ਰਿਕਾਰਡ ਰਖਿਆ ਗਿਆ ਹੈ। ਹਾਂ/ਨਹੀਂ
3. ਅਧਿਆਪਕਾਂ ਦੇ ਹਾਜ਼ਰੀ ਰਜਿਸਟਰ ਦਾ ਰਿਕਾਰਡ ਹਾਂ/ਨਹੀਂ
4. ਟਾਈਮ ਟੇਬਲ ਦਾ ਰਿਕਾਰਡ ਹਾਂ/ਨਹੀਂ
5. ਮੁਲਾਂਕਣ ਪੱਤਰ ਦਾ ਰਿਕਾਰਡ ਹਾਂ/ਨਹੀਂ
6. ਆਂਤਰਿਕ ਮੁਲਾਂਕਣ ਟੈਸਟ ਅਤੇ ਪ੍ਰੀ-ਬੋਰਡ ਪ੍ਰੀਖਿਆ ਦਾ ਰਿਕਾਰਡ ਹਾਂ/ਨਹੀਂ

ਤਸਦੀਕ ਕੀਤਾ ਜਾਂਦਾ ਹੈ ਕਿ ਵਿਦਿਆਰਥੀਆਂ ਨੂੰ ਉੱਪਰ ਦੱਸੇ ਅਨੁਸਾਰ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ ਹਨ। ਰਿਕਾਰਡ ਦੀਆਂ ਤਸਦੀਕ-ਸ਼ੁਦਾ ਕਾਪੀਆਂ ਨਾਲ ਨੱਥੀ ਹਨ। ਹੇਠ ਦੱਸੇ ਅਨੁਸਾਰ ਬਣਦੀ ਅਦਾਇਗੀ ਕੀਤੀ ਜਾਵੇ ।

1. ਦਾਖਲ ਹੋਏ ਵਿਦਿਆਰਥੀਆਂ ਦੀ ਗਿਣਤੀ: ...............................
2. ਰੱਦ ਹੋਏ ਵਿਦਿਆਰਥੀਆਂ ਦੀ ਗਿਣਤੀ: ...............................
3. ਸੇਵਾਵਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀ: ...............................
4. ਬਣਦੀ ਕੁੱਲ ਰਕਮ ( ਮੈਟ੍ਰਿਕੁਲੇਸ਼ਨ ਲਈ 250/- ਰੁ:, ਸੀਨੀਅਰ ਸੈਕੰਡਰੀ ਲਈ 300/- ਰੁ: (ਅੰਕਾਂ ਵਿੱਚ)...................... (ਸ਼ਬਦਾਂ ਵਿੱਚ)...............................
5. ਬਕਾਇਆ ਅਦਾਇਗੀ ਯੋਗ ਰਕਮ (ਅੰਕਾਂ ਵਿੱਚ)......................................ਸ਼ਬਦਾਂ ਵਿੱਚ.............................................................................

ਮੁੜ ਤਸਦੀਕ ਕੀਤਾ ਜਾਂਦਾ ਹੈ ਕਿ ਇਹ ਅਦਾਇਗੀ ਨਿਯਮਾਂ ਅਨੁਸਾਰ ਹੀ ਕਲੇਮ ਕੀਤੀ ਜਾ ਰਹੀ ਹੈ।

ਮਿਤੀ : ........................................

ਸਥਾਨ : ........................................

ਸਬੰਧਤ ਅਧਿਐਨ ਕੇਂਦਰ ਦੇ ਪ੍ਰਿੰਸੀਪਲ/ਹੈਡਮਾਸਟਰ/
ਕੋ-ਆਰਡੀਨੇਟਰ ਦੇ ਹਸਤਾਖਰ, ਰਸੀਦੀ ਟਿਕਟ ਮੋਹਰ ਸਮੇਤ

---

**ਦਫ਼ਤਰੀ ਵਰਤੋਂ ਲਈ**

ਤਸਦੀਕ ਕੀਤਾ ਜਾਂਦਾ ਹੈ ਕਿ ਉਪਰੋਕਤ ਕੀਤੇ ਕਲੇਮ ਵਿਚੋਂ ...............ਵਿਦਿਆਰਥੀਆਂ ਦੀ ਅਦਾਇਗੀ ਕਰਨੀ ਨਹੀਂ ਬਣਦੀ ਇਸ ਲਈ ..............ਰੁਪਏ ਦੀ ਕਟੌਤੀ ਕਰ ਲਈ ਗਈ ਹੈ। ਬਾਕੀ ..................ਰੁਪਏ (ਸ਼ਬਦਾਂ ਵਿਚ) .....................................ਦੀ ਅਦਾਇਗੀ ਕਰਨ ਲਈ ਸਿਫਾਰਸ਼ ਕੀਤੀ ਜਾਂਦੀ ਹੈ।

ਸੀਨੀਅਰ ਸਹਾਇਕ (ਓਪਨ ਸਕੂਲ) ਸੁਪਰਡੰਟ (ਓਪਨ ਸਕੂਲ) ਇੰਚਾਰਜ (ਓਪਨ ਸਕੂਲ)

ਪ੍ਰੋਫਾਰਮਾ-3

# ਪੰਜਾਬ ਸਕੂਲ ਸਿੱਖਿਆ ਬੋਰਡ
## ਪੰਜਾਬ ਓਪਨ ਸਕੂਲ
## (ਅਕਾਦਮਿਕ ਸਾਲ...............)

ਸਕੂਲ ਕੋਡ .............. ਜ਼ਿਲ੍ਹਾ ਕੋਡ ..............

ਅਧਿਐਨ ਕੇਂਦਰ ਮੁਖੀ ਦੇ ਨਮੂਨੇ ਦੇ ਹਸਤਾਖਰ

ਵਿਦਿਆਰਥੀ, ਅਧਿਆਪਕ ਅਤੇ ਮਾਪੇ ਪੰਜਾਬ ਓਪਨ ਸਕੂਲ ਨਾਲ ਸੰਪਰਕ ਕੇਵਲ ਐਕਰੀਡੀਟਿਡ ਅਧਿਐਨ ਕੇਂਦਰ ਮੁਖੀ ਰਾਹੀਂ ਹੀ ਕਰ ਸਕਦੇ ਹਨ। ਪੰਜਾਬ ਓਪਨ ਸਕੂਲ ਵੀ ਲੋੜੀਂਦੀ ਸੂਚਨਾ ਅਧਿਐਨ ਕੇਂਦਰ ਰਾਹੀਂ ਵਿਦਿਆਰਥੀਆਂ ਤੱਕ ਪਹੁੰਚਾਉਂਦਾ ਹੈ। ਇਸ ਲਈ ਅਧਿਐਨ ਕੇਂਦਰ ਮੁਖੀ ਦੇ ਹਸਤਾਖਰ ਅਤੇ ਵਰਤੀ ਜਾਂਦੀ ਮੋਹਰ ਅਹਿਮ ਮਹੱਤਵ ਰੱਖਦੀ ਹੈ। ਹੇਠ ਦਿੱਤੇ ਖਾਨਿਆਂ ਵਿੱਚ ਸਕੂਲ ਮੁਖੀ ਸ਼ਨਾਖਤ ਹਿਤ ਨਮੂਨੇ ਦੇ ਹਸਤਾਖਰ ਅਤੇ ਦਫ਼ਤਰੀ ਮੋਹਰ ਦਾ ਨਿਸ਼ਾਨ ਭੇਜਣ।

1. ਅਧਿਐਨ ਕੇਂਦਰ ਦਾ ਨਾਂ ..........................................................................................

   ਤਹਿਸੀਲ..............................ਜ਼ਿਲ੍ਹਾ............................ਫੋਨ ਨੰ:(ਕੋਡ ਸਮੇਤ)...............................

2. ਅਧਿਐਨ ਕੇਂਦਰ ਮੁਖੀ ਦਾ ਨਾਂ ..................................................................................

   ਘਰ ਦਾ ਪਤਾ ..................................................................................................

   ਫੋਨ ਨੰ:(ਕੋਡ ਸਮੇਤ) ............................. ਮੋਬਾਈਲ ਨੰ: ..........................ਈ-ਮੇਲ:..........................

3. ਨਮੂਨੇ ਦੇ ਹਸਤਾਖਰ ਦਫ਼ਤਰੀ ਮੋਹਰ ਸਮੇਤ:

| ਪੰਜਾਬੀ ਵਿੱਚ | ਅੰਗਰੇਜ਼ੀ ਵਿੱਚ |
|---|---|
| | |

ਪਾਸਪੋਰਟ ਅਕਾਰ
ਦੀ ਫੋਟੋ

ਤਸਦੀਕ ਕਰਤਾ (ਸਕੂਲ ਕਮੇਟੀ ਦੇ ਮੁਖੀ/ਮੈਨੇਜਰ)

ਸਕੂਲ ਮੈਨੇਜਿੰਗ ਕਮੇਟੀ ਦੇ ਪ੍ਰਧਾਨ/ ਮੈਨੇਜਰ ਦੇ ਹਸਤਾਖਰ, ਮੋਹਰ ਸਮੇਤ

ਨੋਟ: ਜਦ ਵੀ ਸਕੂਲ ਦੀ ਪ੍ਰਬੰਧਕੀ ਕਮੇਟੀ ਵਲੋਂ ਸਕੂਲ ਮੁਖੀ ਦੀ ਨਵੀਂ ਨਿਯੁਕਤੀ ਕੀਤੀ ਜਾਂਦੀ ਹੈ, ਇਹ ਫਾਰਮ ਭਰ ਕੇ ਨਵੇਂ ਵੇਰਵਿਆਂ ਸਹਿਤ ਸੂਚਨਾ ਭੇਜੀ ਜਾਵੇ।

ਟੈਲੀਫੋਨ ਨੰ: ____________

ਵਧੇਰੇ ਜਾਣਕਾਰੀ ਲਈ ਦਫ਼ਤਰੀ ਕੰਮ-ਕਾਜ ਵਾਲੇ ਦਿਨ ਦਫ਼ਤਰੀ ਸਮੇਂ ਵਿੱਚ ਨਿਜੀ ਤੌਰ ’ਤੇ ਜਾਂ ਡਾਕ ਰਾਹੀਂ ਨਿਮਨ ਅਧਿਕਾਰੀਆਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।


ਇੰਚਾਰਜ (ਓਪਨ ਸਕੂਲ)
ਫੋਨ : 0172-5227206

ਸੁਪਰਡੰਟ (ਓਪਨ ਸਕੂਲ)
ਫੋਨ : 0172-5227197

ਪ੍ਰੀਤੀ ਪੁਰੀ
ਪ੍ਰਾਜੈਕਟ ਅਫ਼ਸਰ (ਓਪਨ ਸਕੂਲ)
ਫੋਨ : 0172-5227204

**ਈ-ਮੇਲ : openschool.pseb@punjab.gov.in.**
**ਵੈੱਬਸਾਈਟ : www.pseb.ac.in**